ਜ਼ਿੰਦਗੀ ਜਿਊਣ ਦਾ ਨਾਮ ਹੈ, ਨਾ ਕਿ ਢੋਣ ਦਾ। ਜ਼ਿੰਦਾਦਲੀ ਨਾਲ ਆਪਣੇ ਜੀਵਨ ਵਿੱਚ ਵਰਤਮਾਨ ਸਮੇਂ ਦਾ ਆਨੰਦ ਮਾਣੋ, ਰੋਜ਼ਾਨਾ ਦੇ ਛੋਟੇ ਛੋਟੇ ਹਾਸਿਆਂ ਅਤੇ ਖੁਸ਼ੀਆਂ ਨੂੰ ਖੁੱਲ੍ਹ ਕੇ ਮਾਣੋ ਅਤੇ ਦੂਜਿਆਂ ਦੀ ਖੁਸ਼ੀਂ ਦਾ ਕਾਰਨ ਬਣੋ ਕਿਉਂਕਿ ਇਹ ਜ਼ਿੰਦਗੀ ਦੁਬਾਰਾ ਨਹੀਂ ਮਿਲੇਗੀ।

**ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)**
**ਈਮੇਲ- bardwal.gobinder@gmail.com**

## ਥਾਣੇਦਾਰ ਦਾ ਦਬਕਾ

ਪੁਰਾਣੀ ਗੱਲ ਹੈ ਕਿ ਸੰਗਰੂਰ ਦੀ ਇੱਕ ਅਦਾਲਤ ਵਿੱਚ ਸ਼ਿੰਦੇ ਛੁਰੀ ਮਾਰ ਨਾਮਕ ਇੱਕ ਬਦਮਾਸ਼ਦੇ ਖਿਲਾਫ ਚੋਰੀ ਦਾ ਕੇਸ ਚੱਲ ਰਿਹਾ ਸੀ ਜਿਸ ਦੀ ਐਫ.ਆਈ.ਆਰ. ਵਿੱਚ ਲਿਖਿਆ ਹੋਇਆ ਸੀ ਕਿ ਮੱਸਾ ਸਿੰਘ ਥਾਣੇਦਾਰ (ਕਾਲਪਨਿਕ ਨਾਮ) ਨੇ ਭੱਜ ਕੇ ਜੱਫਾ ਮਾਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਸੀ। ਛੋਟੀ ਉਮਰ ਦਾ ਛੁਰੀ ਮਾਰ ਸਧਾਰਨ ਕੱਦ ਕਾਠੀ ਦਾ ਬਹੁਤ ਫੁਰਤੀਲਾ ਇਨਸਾਨ ਸੀ। ਦੂਸਰੇ ਪਾਸੇ ਗਵਾਹੀ ਦੇਣ ਪੁੱਜਿਆ ਤਫਤੀਸ਼ੀ ਮੱਸਾ ਸਿੰਘ ਪੰਜਾਹਾਂ ਨੂੰ ਢੁੱਕਿਆ ਹੋਇਆ ਸੀ ਕਾਫੀ ਮੋਟਾ ਤਾਜ਼ਾ ਸੀ। ਸਰਕਾਰੀ ਵਕੀਲ ਨੇ ਮੱਸਾ ਸਿੰਘ ਦਾ ਬਿਆਨ ਦਰਜ਼ ਕਰਵਾਇਆ ਤੇ ਜੱਜ ਨੇ ਚੋਰ ਦੇ ਵਕੀਲ ਨੂੰ ਉਸ ਨਾਲ ਸਵਾਲ ਜ਼ਵਾਬ (ਕਰੌਸ) ਕਰਨ ਲਈ ਕਿਹਾ। ਵਕੀਲ ਸਫਾਈ ਅਸ਼ਵਨੀ ਕੁਮਾਰ ਬਹੁਤ ਹੀ ਘਾਗ ਕਿਸਮ ਦਾ ਵਿਅਕਤੀ ਸੀ ਤੇ ਚੋਰ ਲੁਟੇਰਿਆਂ ਦੇ ਕੇਸ ਲੜਨੇ ਜਿਆਦਾ ਪਸੰਦ ਕਰਦਾ ਸੀ ਕਿਉਂਕਿ ਉਹਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼ ਕਹਾਵਤਅਨੁਸਾਰ ਮੂੰਹ ਮੰਗੀ ਫੀਸ ਦੇਂਦੇ ਸਨ ਨੇ ਨਾਲੇ ਪੱਕੇ ਗਾਹਕ ਬਣ ਜਾਂਦੇ ਸਨ। ਪਹਿਲਾਂ ਤਾਂ ਉਸ ਨੇਮੱਸਾ ਸਿੰਘ ਨਾਲ ਕੁਝ ਆਮ ਜਿਹੇ ਸਵਾਲ ਜਵਾਬ ਕੀਤੇ ਕਿ ਚੋਰ ਕਿੰਨੇ ਵਜੇ ਪਕੜਿਆ ਸੀ, ਕਿੱਥੋਂ ਪਕੜਿਆ ਸੀ, ਕੀ ਬਰਾਮਦਗੀ ਹੋਈ ਸੀ ਆਦਿ। ਫਿਰ ਉਹ ਅਸਲੀ ਮੁੱਦੇ 'ਤੇ ਆ ਗਿਆ, ਥਾਣੇਦਾਰ ਸਾਹਿਬ, ਇਹ ਦੱਸੋ ਕਿ ਤੁਸੀਂ ਕਿੰਨੀ ਦੂਰ ਤੱਕ ਦੌੜ ਕੇ ਸ਼ਿੰਦਾ ਸਿੰਘ ਨੂੰ ਪਕੜਿਆ ਸੀ?

ਕਰੀਬ 15 - 20 ਮੀਟਰ, ਮੱਸਾ ਸਿੰਘ ਨੇ ਮਿਸਲ ਚੰਗੀ ਤਰਾਂ ਘੋਟੀ ਹੋਈ ਸੀ ਜਿਸ ਕਾਰਨ ਤਾੜ ਤਾੜ ਜਵਾਬ ਦੇ ਰਿਹਾ ਸੀ। ਵਕੀਲ ਨੇ ਜੱਜ ਨੂੰ ਮੁਖਾਤਿਬ ਹੁੰਦੇ ਹੋਏ ਕਿਹਾ, ਜ਼ਨਾਬ, ਮੇਰੀ ਬੇਨਤੀ ਹੈ ਕਿ ਸ਼ਿੰਦਾ ਸਿੰਘ ਨੂੰ ਥਾਣੇਦਾਰ ਸਾਹਿਬ ਦੇ ਹੱਥ 'ਤੇ ਹੱਥ ਮਾਰ ਕੇ ਭੱਜਣ ਦੀ ਆਗਿਆ ਦਿੱਤੀ ਜਾਵੇ। ਜੇ ਥਾਣੇਦਾਰ ਸਾਹਿਬ ਨੇ ਪਿੱਛਾ ਕਰ ਕੇ ਉਸ ਨੂੰ ਪਕੜ ਲਿਆ ਤਾਂ ਮੈਂ ਜ਼ਿੰਮੇਵਾਰੀ ਲੈਂਦਾ ਹਾਂ ਕਿ ਮੇਰਾ ਮੁਵੱਕਿਲ ਜ਼ੁਰਮ ਇਕਬਾਲ ਕਰ ਲਵੇਗਾ, ਤੁਸੀਂ ਜਿੰਨੀ ਸਜ਼ਾ ਬਣਦੀ ਹੈ ਦੇ ਦੇਣਾ। ਪਰ ਜੇ ਉਹ ਨਾ ਪਕੜਿਆ ਗਿਆ ਤਾਂ ਫਿਰ ਇਹ ਸਾਰਾ ਮੁਕੱਦਮਾ ਝੂਠਾ ਹੈ ਤੇ ਸ਼ਿੰਦਾ ਸਿੰਘ ਬਰੀ ਹੋਣ ਦਾ ਹੱਕ ਰੱਖਦਾ ਹੈ। ਨਿਆਂ ਪਾਲਿਕਾ ਦੇ ਇਤਿਹਾਸ ਵਿੱਚ ਪਹਿਲੀ ਵਾਰ ਕਿਸੇ ਵਕੀਲ ਵੱਲੋਂ ਅਜਿਹਾ ਚੈਲੇਂਜ ਦਿੱਤੇ ਜਾਣ ਕਾਰਨ ਅਦਾਲਤ ਵਿੱਚ ਮੌਜੂਦ ਸਾਰੇ ਵਕੀਲ ਹੈਰਾਨ ਹੋ ਕੇ ਜੱਜ ਵੱਲ ਵੇਖਣ ਲੱਗ ਪਏ। ਜੱਜ ਕੁਝ ਮਜ਼ਾਕੀਆ ਕਿਸਮ ਦਾ ਇਨਸਾਨ ਸੀ। ਉਸ ਨੇ ਹੱਸ ਕੇ ਮੱਸਾ ਸਿੰਘ ਨੂੰ ਕਿਹਾ, ਹਾਂ ਜੀ ਥਾਣੇਦਾਰ ਸਾਹਿਬ, ਕਾਨੂੰਨ ਤਾਂ ਇਸ ਤਰਾਂ ਫੈਸਲੇਕਰਨ ਦੀ ਇਜਾਜਤ ਨਹੀਂ ਦੇਂਦਾ, ਪਰ ਜੇ ਤੁਹਾਨੂੰ ਮੰਨਜ਼ੂਰ ਹੋਵੇ ਤਾਂ ਵੇਖ ਲਈਏ ਝੜਪ? ਮੱਸਾ ਸਿੰਘ ਦੇ ਚਿਹਰੇ 'ਤੇ ਸ਼ਿਕਨ ਵੀ ਨਾ ਆਈ ਤੇ ਉਸ ਨੇ ਚੈਲੇਂਜ ਸਵੀਕਾਰ ਕਰ ਲਿਆ।

ਛੁਰੀ ਮਾਰ ਦੀ ਜ਼ਮਾਨਤ ਪਹਿਲਾਂ ਹੀ ਹੋ ਚੁੱਕੀ ਸੀ ਜਿਸ ਕਾਰਨ ਉਸ ਦੇ ਭੱਜ ਜਾਣ ਦਾ ਕੋਈ ਖਤਰਾ ਨਹੀਂ ਸੀ। ਦੋਵੇਂ ਜਣੇ ਮਿਲਖਾ ਸਿੰਘ ਵਾਂਗ ਤਿਆਰ ਹੋ ਗਏ। ਛੁਰੀ ਮਾਰ ਦਾ ਮੂੰਹ ਖੁਸ਼ੀ ਨਾਲ ਲਾਲ ਹੋਇਆ ਪਿਆ ਸੀ ਕਿ ਅੱਜ ਉਹ ਬਰੀ ਹੋ ਜਾਵੇਗਾ ਤੇ ਨਾਲੇ ਇਸ ਭੁੱਖੜ ਵਕੀਲ ਦੀਆਂ ਫੀਸਾਂ ਤੋਂ ਵੀ ਖਹਿੜਾ ਛੁੱਟ ਜਾਵੇਗਾ। ਉਹ ਗੁੱਗੂ ਗਿੱਲ ਵਾਂਗ ਮਸਤਾਨੀ ਚਾਲ ਚੱਲਦਾ ਹੋਇਆ ਕਟਿਹਰੇ ਤੋਂ ਬਾਹਰ ਆਇਆ ਤੇ ਮੱਸਾ ਸਿੰਘ ਦੇ ਹੱਥ 'ਤੇ ਹੱਥ ਮਾਰ ਕੇ ਅਜੇ ਦੋ ਚਾਰ ਕਦਮ ਹੀ ਭੱਜਾ ਸੀ ਕਿ ਪਿੱਛੋਂ ਅਜਿਹਾ ਕੜਕਵਾਂਲਲਕਾਰਾ ਵੱਜਾ ਕਿ ਸਾਰੀ ਅਦਾਲਤਕੰਬ ਗਈ, ਖੜ੍ਹ ਜਾ ਛੁਰੀ ਮਾਰਾ, ਨਹੀਂ ਆਈ ਆ ਗੋਲੀਖੋਪੜੀ 'ਚ। ਇਹ ਸੁਣ ਕੇ ਛੁਰੀ ਮਾਰ ਠਠੰਬਰ ਕੇ ਰੁਕ ਗਿਆ ਤੇ ਮੱਸਾ ਸਿੰਘ ਨੇ ਭੱਜ ਕੇ ਉਸ ਨੂੰ ਜੱਫਾ ਮਾਰ ਲਿਆ। ਫਿਰ ਉਹ ਟੇਢਾ ਜਿਹਾ ਮੁਸਕਰਾ ਕੇ ਅਸ਼ਵਨੀ ਕੁਮਾਰ ਨੂੰ ਮੁਖਾਤਿਬ ਹੋਇਆ ਤੇ ਖੱਬੀ ਅੱਖ ਦੱਬ ਕੇ ਬੋਲਿਆ, ਵਕੀਲ ਸਾਹਿਬ,ਇੰਜ ਪਾਉਂਦੀ ਆ ਪੰਜਾਬ ਪੁਲਿਸ ਬਦਮਾਸ਼ਾਂ ਦੀ ਗਿੱਚੀ ਨੂੰ ਹੱਥ। ਜੱਜ ਸਮੇਤ ਸਾਰੇ ਹਾਜ਼ਰੀਨ ਹੱਸ ਹੱਸ ਕੇ ਲੋਟ ਪੋਟ ਹੋ ਗਏ ਤੇ ਅਸ਼ਵਨੀ ਕੁਮਾਰ ਦੀ ਹਾਲਤ ਅਜਿਹੀ ਹੋ ਗਈ ਜਿਵੇਂ ਉਸ ਨੂੰ ਹੁਣੇ ਹਾਰਟ ਅਟੈਕ ਹੋ ਜਾਵੇਗਾ।

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)**
**ਪੰਡੋਰੀ ਸਿੱਧਵਾਂ 9501100062**

## ਨਸ਼ਾ ਜਵਾਨੀ, ਸਮਾਜ ਤੇ ਦੇਸ਼ ਨੂੰ ਘੁਣ ਵਾਂਗ ਖਾ ਰਿਹੈ

ਨਸ਼ਿਆਂ ਨੇ ਪੰਜਾਬ ਦੀ ਜਵਾਨੀ ਪੂਰੀ ਤਰ੍ਹਾਂ ਖਤਮ ਕਰ ਦਿੱਤੀ ਹੈ। ਘਰਾਂ ਨੂੰ ਵੀ ਉਜਾੜ ਦਿੱਤਾ ਹੈ। ਇਨਸਾਨੀਅਤ ਇੰਨੀ ਸ਼ਰਮਸ਼ਾਰ ਹੋ ਚੁੱਕੀ ਹੈ ਕਿ ਨਸ਼ੇੜੀ ਆਪਣਿਆਂ ਨੂੰ ਹੀ ਮੌਤ ਦੇ ਘਾਟ ਉਤਾਰ ਰਿਹਾ ਹੈ।ਹਾਲ ਹੀ ਵਿੱਚ ਜਲੰਧਰ ਪੁਲਿਸ ਵੱਲੋਂ 48 ਕਿਲੋ ਹੈਰੋਇਨ ਸਮੇਤ ਤਿੰਨ ਤਸਕਰਾਂ ਨੂੰ ਕਾਬੂ ਕੀਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਜੋ ਮੁਲਜ਼ਮਾਂ ਨੂੰ ਫੜਿਆ ਗਿਆ ਹੈ ਉਹਨਾਂ ਵਿੱਚ ਧੀ ਜਵਾਈ ਵੀ ਸ਼ਾਮਲ ਸਨ। ਪੁਲਿਸ ਵੱਲੋਂ 21 ਲੱਖ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਗਈ ਹੈ। ਫਿਰੋਜ਼ਪੁਰ ਦੇ ਨੇੜੇ ਸਰਹੱਦ ਕੋਲ ਖੇਤਾਂ 'ਚ ਡਿੱਗਿਆ ਡਰੋਨ ਤੇ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ। ਬੀਐਸਐਫ ਵੱਲੋਂ ਇਹ ਕਾਰਵਾਈ ਕੀਤੀ ਗਈ। ਹਾਲ ਹੀ ਵਿੱਚ ਗੁਜਰਾਤ ਸਮੁੰਦਰ ਦੇ ਕੰਢੇ ਨੇੜੇ ਪਾਕਿਸਤਾਨੀ ਕਿਸ਼ਤੀ 'ਚੋਂ 500 ਕਰੋੜ ਰੁਪਏ ਤੋਂ ਵੱਧ ਦੀ ਹੈਰੋਇਨ ਬਰਾਮਦ ਕੀਤੀ ਗਈ। ਭਾਰਤ ਵਿੱਚ ਜ਼ਿਆਦਾਤਰ ਨਸ਼ੇ ਪਾਕਿਸਤਾਨ ਸਰਹੱਦ ਹੋ ਕੇ ਅਫ਼ਗਾਨਿਸਤਾਨ ਤੋਂ ਆਉਂਦੇ ਹਨ। ਸਮੁੱਚੇ ਦੇਸ਼ ਦੇ ਨੌਜਵਾਨਾਂ ਨੂੰ ਨਕਾਰਾ ਕੀਤਾ ਜਾ ਰਿਹਾ ਹੈ। ਹਾਲ ਹੀ ਵਿੱਚ ਇੱਕ ਨਸ਼ਰ ਹੋਈ ਰਿਪੋਰਟ ਮੁਤਾਬਕ ਰਾਸ਼ਟਰੀ ਬਿਊਰੋ (ਐਨਸੀਆਰਬੀ) ਦੇ ਅੰਕੜਿਆਂ ਮੁਤਾਬਕ ਪੰਜਾਬ 'ਚ ਇਕੱਲੇ 2022 ਦੌਰਾਨ 140 ਤੋਂ ਵੱਧ ਨੌਜਵਾਨਾਂ ਦੀ ਮੌਤ ਹੋਈ ਸੀ। ਇਸ ਤੋਂ ਤਾਂ ਪਤਾ ਲੱਗਦਾ ਹੈ ਕਿ ਸਾਡੇ ਸਮਾਜ ਨੂੰ ਨਸ਼ਿਆਂ ਨੇ ਆਪਣੀ ਲਪੇਟ ਵਿੱਚ ਬੁਰੀ ਤਰ੍ਹਾਂ ਫੜ ਲਿਆ ਹੈ।

ਇਸ ਚੰਦਰੀ ਬਿਮਾਰੀ ਨੇ ਪੰਜਾਬ ਦੀ ਜਵਾਨੀ ਖਾਹ ਲਈ ਹੈ। ਘਰ ਘਰ ਸੱਥਰ ਵਿੱਛ ਚੁੱਕੇ ਨੇ। ਚਿੱਟਾ ਪਤਾ ਨਹੀਂ ਇਹ ਪੰਜਾਬ ਵਿੱਚ ਕਿਥੋਂ ਆ ਗਿਆ ਹੈ, ਪੰਜਾਬ ਦੀ ਨੌਜਵਾਨੀ ਖ਼ਤਮ ਕਰ ਰਿਹਾ ਹੈ। ਪੰਜਾਬ ਦਾ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਗੁਰੂਆਂ, ਪੀਰਾਂ ਪੈਗੰਬਰਾਂ ਦੀ ਧਰਤੀ ਨੂੰ ਪਤਾ ਨਹੀਂ ਕਿਸ ਚੰਦਰੇ ਨੇ ਕਲੰਕਿਤ ਕਰ ਦਿੱਤਾ ਹੈ।ਅੱਜ ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵੱਗ ਰਿਹਾ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਪੰਜਾਬ ਦੀ ਨੌਜਵਾਨੀ ਖੇਤਾਂ ਵਿੱਚ ਆਪ ਹੀ ਕੰਮ ਕਰਦੀ ਸੀ।ਹੱਥੀਂ ਕੰਮ ਨੂੰ ਤਰਜੀਹ ਦਿੱਤੀ ਜਾਂਦੀ ਸੀ। ਘਰ ਦੇ ਬਣੇ ਦੁੱਧ, ਦਹੀਂ, ਪਨੀਰ, ਖੋਆ, ਲੱਸੀ ਹੀ ਸਿਹਤ ਲਈ ਗੁਣਕਾਰੀ ਹੁੰਦਾ ਸੀ। ਨੌਜਵਾਨਾਂ ਦੇ ਚਿਹਰੇ ਤੋਂ ਨੂਰ ਟਪਕਦਾ ਸੀ।ਛੇ ਫੁੱਟ ਦੇ ਚਿੱਟੇ ਚਾਦਰੇ ਬੰਨਣ ਵਾਲੇ ਨੌਜਵਾਨ ਖਿੱਚ ਦਾ ਕੇਂਦਰ ਬਣਦੇ ਸਨ। ਸਮਾਂ ਬਦਲਿਆ। ਪਤਾ ਨਹੀਂ ਇਹ ਚੰਦਰਾ ਨਸ਼ਾ ਚਿੱਟਾ ਪੰਜਾਬ ਵਿੱਚ ਕਿਥੋਂ ਆ ਵੜਿਆ। ਗੁਆਂਢੀ ਸਰਹੱਦਾਂ ਤੋਂ ਆਇਆ ਇਹ ਚਿੱਟਾ ਪੰਜਾਬ ਵਿੱਚ ਹੁਣ ਪੈਰ ਪਸਾਰ ਗਿਆ ਹੈ।ਪਤਾ ਨਹੀਂ ਕਿੰਨੇ ਹੀ ਘਰਾਂ ਦੇ ਚਿਰਾਗ ਬੁੱਝ ਚੁੱਕੇ ਹਨ। ਆਏ ਦਿਨ ਓਵਰਡੋਜ਼ ਕਾਰਨ ਮੌਤਾਂ ਹੋ ਰਹੀਆਂ ਹਨ। ਹਰ ਰੋਜ਼ ਖ਼ਬਰਾਂ ਪੜ੍ਹਦੇ ਹਨ ਕਿ ਸਰਹੱਦੀ ਖੇਤਰਾਂ ਤੋਂ ਪਤਾ ਨਹੀਂ ਕਿੰਨੇ ਕਿੱਲੋ ਹੈਰੋਇਨ ਬਰਾਮਦ ਹੁੰਦੀ ਹੈ।ਹਾਲ ਹੀ ਵਿੱਚ ਬੀ ਐਸ ਐਫ ਨੇ ਸਰਹੱਦੀ ਖੇਤਰ ਵਿੱਚ ਗੋਲਾਬਾਰੀ ਕਰਕੇ ਪਾਕਿਸਤਾਨ ਤੋਂ ਆਇਆ ਡ੍ਰੋਨ ਸੁੱਟਿਆ।ਜਿਸ ਵਿੱਚੋਂ ਤਿੰਨ ਕਿਲੋ ਹੈਰੋਇਨ ਬਰਾਮਦ ਕੀਤੀ ਗਈ। ਐੱਸਟੀਐੱਫ ਵਲੋਂ ਵੀ ਲੁਧਿਆਣਾ ਵਿਖੇ 3 ਕਿਲੋਗ੍ਰਾਮ ਨਸ਼ਾ ਫੜਿਆ ਗਿਆ। ਸਰਹੱਦੀ ਸੂਬਿਆਂ ਨਾਲ ਲੱਗਦੇ ਪੰਜਾਬ ਦੇ ਜ਼ਿਲ੍ਹਿਆਂ 'ਚੋਂ ਹਰ ਰੋਜ਼ ਪਤਾ ਨਹੀਂ ਕਿੰਨੇ ਹੀ ਨਸ਼ੀਲੀ ਗੋਲੀਆਂ ਦੇ ਡੱਬੇ ਫੜੇ ਜਾਂਦੇ ਹਨ। ਹਰ ਰੋਜ਼ ਕਿਸੇ ਨਾ ਕਿਸੇ ਜ਼ਿਲ੍ਹੇ ਦਾ ਜ਼ਿੰਮੇਵਾਰ ਪੁਲਿਸ ਅਧਿਕਾਰੀ ਕਾਨਫਰੰਸ ਕਰਕੇ ਅਜਿਹੇ ਨਸ਼ੇੜੀਆਂ ਨੂੰ ਫੜਨ ਦਾ ਜ਼ਿਕਰ ਕਰਦਾ ਹੈ। ਸੂਬਾ ਸਰਕਾਰ ਦੇ ਦਿਸ਼ਾਂ ਨਿਰਦੇਸ਼ਾਂ ਮੁਤਾਬਕ ਜ਼ਿਲ੍ਹਿਆਂ ਵਿੱਚ ਉਸਾਰੀ ਕਲੋਨੀਆਂ, ਫਲੈਟਾਂ ਦੀ ਛਾਪੇਮਾਰੀ ਕਰਕੇ ਵੀ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ। ਸਰਕਾਰ ਦੀ ਇਹ ਸ਼ਲਾਘਾਯੋਗ ਪਹਿਲ ਹੈ।ਹਰ ਰੋਜ਼ ਪੰਜਾਬ ਪੁਲਿਸ ਦੇ ਅਧਿਕਾਰੀਆਂ ਵਲੋਂ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਜਾ ਰਿਹਾ ਹੈ। ਸੀਆਈਏ ਸਟਾਫ਼ ਵੀ ਨਸ਼ਾ ਸਮੱਗਲਰਾਂ ਨੂੰ ਕਾਬੂ ਕਰ ਰਿਹਾ ਹੈ। ਔਰਤਾਂ ਵੀ ਹੁਣ ਤਾਂ ਚਿੱਟੇ ਦੀ ਆਦੀ ਹੋ ਚੁੱਕੀਆਂ ਹਨ। ਹਾਲ ਹੀ ਵਿੱਚ ਪੰਜਾਬ ਪੁਲਿਸ ਦੇ ਵੱਡੇ ਅਧਿਕਾਰੀਆਂ ਨੇ ਇੱਕ ਹਫ਼ਤੇ ਦੇ ਵਿੱਚ ਢਾਈ ਸੌ ਤੋਂ ਵੱਧ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਦਾ ਜ਼ਿਕਰ ਕੀਤਾ ਹੈ। ਹਾਲ ਹੀ ਵਿੱਚ ਖ਼ਬਰ ਪੜ੍ਹੀ ਕਿ ਹੈਰੋਇਨ ਤੇ ਡਰੱਗ ਮਨੀ ਸਣੇ ਨਾਬਾਲਗ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਅੰਮ੍ਰਿਤਸਰ ਦੇ ਨਾਬਾਲਗ ਬੱਚੇ ਕੋਲੋਂ 15 ਕਿਲੋ ਹੈਰੋਇਨ ਫੜ੍ਹੀ ਗਈ ਹੈ। ਗ੍ਰਿਫਤਾਰ ਕੀਤੇ ਨਾਬਾਲਿਗ ਦਾ ਪਿਤਾ ਅਤੇ ਦਾਦਾ ਪਹਿਲਾਂ ਹੀ ਨਸ਼ਿਆਂ ਦੀ ਤਸਕਰੀ ਕਰਕੇ ਜੇਲ੍ਹ ਵਿੱਚ ਬੰਦ ਹਨ। ਹੁਣ ਤੱਕ ਪੰਜਾਬ ਪੁਲਿਸ ਨੇ 10,000 ਤੋਂ ਵੱਧ ਨਸ਼ਾ ਤਸਕਰ ਫੜੇ ਹਨ। ਤਕਰੀਬਨ ਪਿਛਲੇ 10 ਮਹੀਨਿਆਂ 'ਚ ਨਸ਼ਾ ਤਸਕਰਾਂ ਤੋਂ 10 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ, ਜੋ ਕਿ ਮਾਨ ਸਰਕਾਰ ਦੀ ਸ਼ਲਾਘਾਯੋਗ ਪਹਿਲ ਹੈ। ਹਾਲ ਹੀ ਵਿੱਚ ਸਿਹਤ ਮੰਤਰੀ ਨੇ ਵਿਧਾਨ ਸਭਾ ਵਿਚ ਨਸ਼ਿਆਂ ਦਾ ਮੁੱਦਾ ਉਠਾਇਆ ਸੀ। ਉਨ੍ਹਾਂ ਨੇ ਕਿਹਾ ਕਿ ਸੂਬੇ ਦੇ ਕਰੀਬ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਨਾਲ ਪ੍ਰਭਾਵਿਤ ਹਨ ਤੇ ਲੱਖਾਂ ਹੀ ਨੌਜਵਾਨ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਤੋਂ ਇਲਾਜ ਕਰਵਾ ਰਹੇ ਹਨ। ਕੁਝ ਪ੍ਰਾਈਵੇਟ ਸੈਂਟਰਾਂ ਤੋਂ ਇਲਾਜ ਕਰਵਾ ਰਹੇ ਹਨ। ਪ੍ਰਾਈਵੇਟ ਸੈਂਟਰ ਨਸ਼ਿਆਂ ਨਾਲ ਪ੍ਰਭਾਵਿਤ ਨੌਜਵਾਨਾਂ ਦੀ ਚੰਗੀ ਤਰ੍ਹਾਂ ਲੁੱਟ-ਖਸੁੱਟ ਕਰਦੇ ਹਨ। ਅਖ਼ਬਾਰ ਵਿੱਚ ਖਬਰ ਪੜ੍ਹਨ ਨੂੰ ਵੀ ਮਿਲੀ ਸੀ ਕਿ ਪ੍ਰਾਈਵੇਟ ਨਸ਼ਾ ਮੁੱਕਤੀ ਕੇਂਦਰਾਂ ਦੇ ਮਾਲਕ ਮਾਰਕੁਟਾਈ ਵੀ ਕਰਦੇ ਹਨ। 35 ਤੋਂ 40 ਹਜ਼ਾਰ ਰੁਪਏ ਮਹੀਨਾ ਪਰਿਵਾਰਾਂ ਤੋਂ ਵਸੂਲਦੇ ਹਨ। ਸਿਹਤ ਮੰਤਰਾਲੇ ਨੂੰ ਅਜਿਹੇ ਪ੍ਰਾਈਵੇਟ ਸੈਂਟਰਾਂ 'ਤੇ ਸਖ਼ਤੀ ਨਾਲ ਪੇਸ਼ ਆਉਣਾ ਚਾਹੀਦਾ ਹੈ। ਅਜਿਹੇ ਪ੍ਰਾਈਵੇਟ ਸੈਂਟਰਾਂ ਦੇ ਲਾਇਸੈਂਸ ਰੱਦ ਕਰ ਦੇਣੇ ਚਾਹੀਦੇ ਹਨ। ਹਾਲ ਹੀ ਵਿਚ ਇੱਕ ਵੀਡੀਓ ਵਾਇਰਲ ਹੋ ਰਹੀ ਸੀ, ਜਿਸ ਵਿੱਚ ਇੱਕ ਈ ਰਿਕਸ਼ੇ ਵਾਲਾ ਨਸ਼ੇ ਵਿੱਚ ਧੁੱਤ ਮੁਧੇ ਮੂੰਹ ਰਿਕਸ਼ੇ ਵਿੱਚ ਪਿਆ ਸੀ।

ਨਸ਼ਿਆਂ ਨੇ ਪੰਜਾਬ ਦੀ ਜਵਾਨੀ ਖਤਮ ਕਰ ਦਿੱਤੀ ਹੈ। ਜ਼ਿਆਦਾ ਤਰ ਨੌਜਵਾਨ ਜਿਨ੍ਹਾਂ ਦੀ ਉਮਰ 18 ਤੋਂ 25 ਸਾਲ ਵਿੱਚ ਹੈ, ਸਭ ਤੋਂ ਵੱਧ ਉਹ ਓਵਰਡੋਜ਼ ਕਾਰਨ ਮਰ ਰਹੇ ਹਨ। ਪਿਛਲੇ ਹੀ ਸਾਲ ਅੰਮ੍ਰਿਤਸਰ ਦੇ ਕੱਟੜਾ ਬੱਗੀਆਂ ਇਲਾਕੇ ਵਿੱਚ ਦੋ ਸਕੇ ਭਰਾਵਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋਈ ਹੈ। ਇੱਕ ਭਰਾ ਜੇਲ ਵਿਚ ਬੰਦ ਸੀ, ਜਿਸ ਦੀ ਇਲਾਜ ਦੌਰਾਨ ਹਸਪਤਾਲ ਵਿੱਚ ਮੌਤ ਹੋ ਚੁੱਕੀ ਹੈ ਤੇ ਦੂਜੇ ਭਰਾ ਦੀ ਨਸ਼ੇ ਦੀ ਜ਼ਿਆਦਾ ਓਵਰਡੋਜ਼ ਕਾਰਨ ਆਏ ਦਿਨ ਦੋ ਜਾਂ ਤਿੰਨ ਨੌਜਵਾਨਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤਾਂ ਹੋ ਰਹੀਆਂ ਹਨ। ਹੁਣ ਤਾਂ ਕੁੜੀਆਂ ਵੀ ਚਿੱਟੇ ਦੀ ਸ਼ੌਕੀਨ ਹੋ ਚੁੱਕੀਆਂ ਹਨ।ਖਬਰ ਪੜ੍ਹਨ ਨੂੰ ਮਿਲੀ ਕਿ ਕਪੂਰਥਲਾ ਵਿਖੇ ਇਕ ਕੁੜੀ ਲੋਕਾਂ ਤੋਂ ਪੈਸੇ ਮੰਗ ਕੇ ਚਿੱਟਾ ਪੀਂਦੀ ਹੈ। ਜਿਸ ਤੋਂ ਬਾਅਦ ਉਸ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਵਿਆਹੁਤਾ ਦਾ ਪਤੀ ਨਸ਼ੇ ਦੀ ਤਸਕਰੀ ਕਾਰਨ ਜੇਲ੍ਹ ਵਿੱਚ ਹੈ।ਹਾਲ ਹੀ ਵਿੱਚ ਚੋਹਲਾ ਸਾਹਿਬ ਵਿਖੇ ਇਕ ਕਿਸਾਨ ਪਰਿਵਾਰ ਦੇ ਦੋਵਾਂ ਪੁੱਤਰਾਂ ਦੀ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਹੋ ਗਈ। ਵੱਡੇ ਪੁੱਤਰ ਦੀਆਂ ਅੰਤਿਮ ਰਸਮਾਂ ਵੀ ਅਜੇ ਪੂਰੀਆਂ ਵੀ ਨਹੀਂ ਹੋਈਆਂ ਸਨ ਕਿ ਛੋਟੇ ਪੁੱਤਰ ਦੀ ਵੀ ਪਹਿਲਾਂ ਹੀ ਮੌਤ ਹੋ ਗਈ।ਹਾਲ ਹੀ ਵਿਚ ਪੰਜਾਬ ਪੁਲਿਸ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ 'ਤੇ ਗੁਜਰਾਤ ਤੋਂ ਕਰੋੜਾਂ ਰੁਪਏ ਦੀ ਹੈਰੋਇਨ ਬਰਾਮਦ ਕੀਤੀ ਗਈ ਹੈ। ਸਰਹੱਦ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਨਸ਼ਿਆਂ ਦੀ ਤਸਕਰੀ ਲਗਾਤਾਰ ਜਾਰੀ ਹੈ। ਹਾਲ ਹੀ ਵਿੱਚ ਫਿਰੋਜ਼ਪੁਰ ਵਿਖੇ ਬੀਐਸਐਫ ਵੱਲੋਂ ਨਸ਼ਿਆਂ ਦੇ ਪੈਕਟ ਬਰਾਮਦ ਕੀਤੇ ਗਏ। ਅਫ਼ਗਨਿਸਤਾਨ ਮੁਲਕ ਵਿੱਚ ਅਫ਼ੀਮ ਦੀ ਖੇਤੀ ਕੀਤੀ ਜਾਂਦੀ ਹੈ।ਹੁਣ ਸਮੁੰਦਰੀ ਰਸਤਿਆਂ ਰਾਹੀਂ ਵੀ ਨਸ਼ਿਆਂ ਦੀ ਤਸਕਰੀ ਹੋ ਰਹੀ ਹੈ। ਨਸ਼ਾ ਕਰਨ ਵਾਲਿਆਂ ਦੇ ਘਰ ਵੀ ਤਬਾਹ ਹੋ ਰਹੇ ਹਨ। ਪਿਛਲੇ ਹਫ਼ਤੇ ਲੁਧਿਆਣਾ ਵਿੱਚ ਇੱਕ ਨਾਬਾਲਗ ਦੀ ਨਸ਼ੇ ਵਾਲੀ ਸਰਿੰਜ ਲਗਾ ਕੇ ਮੌਤ ਹੋਣ ਦੀ ਖਬਰ ਪੜ੍ਹੀ। ਮਾਂ-ਪਿਉ ਮਰ ਮਰ ਕੇ ਜੀਉਂਦੇ ਹਨ। ਨਸ਼ੇ ਦੀ ਪੂਰਤੀ ਲਈ ਕਈ ਨਸ਼ੇੜੀ ਘਰ ਦਾ ਵੀ ਸਮਾਨ ਵੇਚਦੇ ਹਨ। ਹਾਲ ਹੀ ਵਿੱਚ ਫਰੀਦਕੋਟ ਵਿਖੇ ਇੱਕ ਨਸ਼ੇੜੀ ਨੌਜਵਾਨ ਨੇ ਆਪਣੀ ਹੀ ਮਾਂ ਦਾ ਕਤਲ ਕਰ ਦਿੱਤਾ। ਕਿਉਂਕਿ ਉਸਨੇ ਨਸ਼ਾ ਕਰਨ ਲਈ ਆਪਣੀ ਮਾਂ ਤੋਂ ਪੈਸੇ ਮੰਗੇ ਸਨ। ਇਹੀ ਕਾਰਨ ਹੈ ਕਿ ਪੰਜਾਬ ਵਿੱਚ ਲਗਾਤਾਰ ਪ੍ਰਵਾਸ ਵੱਧ ਰਿਹਾ ਹੈ। ਇਹ ਵੀ ਇੱਕ ਬਹੁਤ ਵੱਡਾ ਕਾਰਨ ਹੈ ਕਿ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਮਾਂ ਬਾਪ ਨੂੰ ਡਰ ਹੈ ਕਿ ਜੇ ਉਨ੍ਹਾਂ ਦਾ ਨੌਜਵਾਨ ਇਥੇ ਰਹਿ ਗਿਆ ਪਤਾ ਨਹੀਂ ਉਹ ਚਿੱਟੇ ਦਾ ਆਦੀ ਹੀ ਨਾ ਹੋ ਜਾਏ।ਵਿਚਾਰਨ ਵਾਲੀ ਗੱਲ ਹੈ ਕਿ ਚੋਰ ਮੋਰੀਆਂ ਰਾਹੀਂ ਵੱਡੇ ਵੱਡੇ ਤਸਕਰ ਭਾਰਤ ਵਿਚ ਹੈਰੋਇਨ ਪਹੁੰਚਾਉਣ 'ਚ ਕਾਮਯਾਬ ਹੋ ਗਏ ਹਨ। ਇਸ ਦਾ ਤਾਂ ਸਿੱਧਾ ਮਤਲਬ ਹੀਂ ਹੈ ਕਿ ਦੇਸ਼ ਵਿੱਚ ਵੱਡੀ ਮਾਤਰਾ ਵਿੱਚ ਲੋਕ ਨਸ਼ੇ ਦੇ ਆਦੀ ਹੋ ਚੁੱਕੇ ਹਨ। ਹਰ ਰੋਜ਼ ਪੰਜਾਬ ਵਿੱਚ ਚਿੱਟੇ ਦੀ ਭੇਟ ਕਈ ਨੌਜਵਾਨ ਚੜ੍ਹ ਰਹੇ ਹਨ।ਚਾਰ ਕੁ ਮਹੀਨੇ ਪਹਿਲਾਂ ਵੀ ਗੁਜਰਾਤ ਦੀ ਮੁੰਦਰਾ ਤੇ ਕਾਂਡਲਾ ਬੰਦਰਗਾਹਾਂ ਚਰਚਾ 'ਚ ਸੀ। ਚੇਤੇ ਕਰਵਾ ਦੇਈਏ ਕਿ 2017 ਵਿੱਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਵੱਡੇ ਸਿਆਸਤਦਾਨਾਂ ਨੇ ਸਹੁੰ ਚੁੱਕੀ ਸੀ। ਪਿਛਲੇ ਹੀ ਮਹੀਨੇ ਪੰਜਾਬ ਵਿੱਚ ਆਪ ਸਰਕਾਰ ਵੱਲੋਂ ਨਸ਼ਿਆਂ 'ਤੇ ਨਕੇਲ ਕੱਸਣ ਲਈ ਸੂਬੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਕੁੱਝ ਕੁ ਨਸ਼ਾ ਤਸਕਰਾਂ ਨੂੰ ਫੜਿਆ ਵੀ ਗਿਆ ਤੇ ਸੁਣਨ ਵਿੱਚ ਵੀ ਆਇਆ ਕਿ ਕੁੱਝ ਨਸ਼ੇ ਦੇ ਸੌਦਾਗਰ ਘਰ ਨੂੰ ਤਾਲਾ ਲਗਾ ਕੇ ਫਰਾਰ ਹੋ ਗਏ।ਅੱਜ ਕੱਲ ਨਸ਼ੀਲੇ ਪਦਾਰਥਾਂ ਦੀ ਖਰੀਦ ਵਿਕਰੀ ਲਈ ਸੋਸ਼ਲ ਨੈੱਟਵਰਕਿੰਗ ਸਾਈਟ ਦਾ ਧੜੱਲੇ ਨਾਲ ਪ੍ਰਯੋਗ ਹੋ ਰਿਹਾ ਹੈ। ਸੋਚਣ ਵਾਲੀ ਗੱਲ ਹੈ ਕਿ ਜੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਿਲਾਫ ਸਖ਼ਤ ਕਦਮ ਚੁੱਕਣਗੇ, ਤਾਂ ਆਪਣੇ ਆਪ ਹੀ ਨਸ਼ਿਆਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਮਾਲਵੇ ਦੇ ਕਈ ਪਿੰਡਾਂ ਵਿੱਚ ਪੰਚਾਇਤਾਂ ਆਪ ਹੀ ਪਿੰਡਾਂ ਵਿੱਚ ਪਹਿਰਾ ਲਗਾ ਰਹੀਆਂ ਹਨ।

# ਕਦੋਂ ਤੱਕ ਪੀੜਤਾਂ ਨੂੰ 'ਤਰੀਕ ਦਰ ਤਾਰੀਖ਼' ਮਿਲਦੀ ਰਹੇਗੀ ?



-ਪ੍ਰਿਅੰਕਾ ਸੌਰਭ

ਸਭ ਨੂੰ ਨਿਰਪੱਖ ਅਤੇ ਬਰਾਬਰ ਨਿਆਂ ਯਕੀਨੀ ਬਣਾਉਣ ਲਈ ਸਮੇਂ ਸਿਰ ਸੁਧਾਰਾਂ ਦੀ ਫੌਰੀ ਲੋੜ ਨੂੰ ਰੇਖਾਂਕਿਤ ਕਰਦੇ ਹੋਏ, ਇਹ ਸਹੀ ਕਿਹਾ ਗਿਆ ਹੈ, ÷ਨਿਆਂ ਵਿੱਚ ਦੇਰੀ ਨਿਆਂ ਤੋਂ ਇਨਕਾਰ ਹੈ।÷ ਮੁਲਤਵੀ ਹੋਣ ਕਾਰਨ ਵਧੀਆਂ ਸਮਾਂ-ਸੀਮਾਵਾਂ ਸਮੇਂ ਸਿਰ ਨਿਆਂ ਤੱਕ ਪਹੁੰਚ ਨੂੰ ਸੀਮਤ ਕਰਦੀਆਂ ਹਨ, ਜਿਸ ਨਾਲ ਨਿਆਂ ਪ੍ਰਣਾਲੀ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਪ੍ਰਭਾਵਿਤ ਹੁੰਦਾ ਹੈ। ਵਕੀਲਾਂ ਨੂੰ ਨੈਤਿਕ ਅਭਿਆਸਾਂ ਬਾਰੇ ਸਿੱਖਿਅਤ ਕਰਨ ਲਈ, ਬੇਲੋੜੀ ਮੁਲਤਵੀ ਬੇਨਤੀਆਂ ਨੂੰ ਨਿਰਾਸ਼ ਕਰਨ, ਅਤੇ ਸਮੇਂ ਸਿਰ ਕੇਸ ਦੇ ਹੱਲ ਨੂੰ ਉਤਸ਼ਾਹਿਤ ਕਰਨ ਲਈ ਵਰਕਸ਼ਾਪਾਂ ਦਾ ਆਯੋਜਨ ਕਰੋ। ਕਾਨੂੰਨੀ ਸੰਸਥਾਵਾਂ ਨੇ ਕੁਸ਼ਲ ਕੇਸ ਨਿਪਟਾਰੇ ਦੀ ਸੰਸਕ੍ਰਿਤੀ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਨਿਰੰਤਰ ਪੇਸ਼ੇਵਰ ਵਿਕਾਸ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਹੈ।

ਭਾਰਤ ਵਿੱਚ ਨਿਆਂਇਕ ਬੈਕਲਾਗ ਇੱਕ ਵੱਡੀ ਚੁਣੌਤੀ ਹੈ, ਜਿੱਥੇ ਵੱਖ-ਵੱਖ ਅਦਾਲਤਾਂ ਵਿੱਚ 4 ਕਰੋੜ ਤੋਂ ਵੱਧ ਕੇਸ ਪੈਂਡਿੰਗ ਹਨ। ਇਸ ਬੈਕਲਾਗ ਦਾ ਇੱਕ ਮੁੱਖ ਕਾਰਨ ਬਹੁਤ ਜ਼ਿਆਦਾ ਨਿਆਂਇਕ ਮੁਲਤਵੀ ਹੋਣਾ ਹੈ, ਜੋ ਕੇਸਾਂ ਦੇ ਨਿਪਟਾਰੇ ਵਿੱਚ ਦੇਰੀ ਅਤੇ ਨਿਆਂ ਪ੍ਰਦਾਨ ਕਰਨ ਵਿੱਚ ਰੁਕਾਵਟ ਬਣਦੇ ਹਨ। ਕਾਰਵਾਈ ਨੂੰ ਸੁਚਾਰੂ ਬਣਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਵਾਰ-ਵਾਰ ਮੁਲਤਵੀ ਹੋਣ ਨਾਲ ਪ੍ਰਗਤੀ ਵਿੱਚ ਰੁਕਾਵਟ ਆ ਰਹੀ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ, ਇਸਦੇ ਮੂਲ ਕਾਰਨਾਂ ਨੂੰ ਸਮਝਣਾ ਅਤੇ ਯੋਜਨਾਬੱਧ ਸੁਧਾਰਾਂ ਨੂੰ ਲਾਗੂ ਕਰਨਾ ਜ਼ਰੂਰੀ ਹੈ। ਵਾਰ-ਵਾਰ ਮੁਲਤਵੀ ਹੋਣ ਨਾਲ ਕੇਸਾਂ ਦੀ ਮਿਆਦ ਵਧ ਜਾਂਦੀ ਹੈ, ਕਈ ਵਾਰ ਅੰਤਮ ਹੱਲ ਲਈ ਕਈ ਸਾਲ ਜਾਂ ਦਹਾਕੇ ਵੀ ਲੱਗ ਜਾਂਦੇ ਹਨ, ਜਿਸ ਨਾਲ ਨਿਆਂਪਾਲਿਕਾ ਦੀ ਕੁਸ਼ਲਤਾ ਪ੍ਰਭਾਵਿਤ ਹੁੰਦੀ ਹੈ। ਹਰ ਮੁਲਤਵੀ ਮੁਕੱਦਮੇਬਾਜ਼ੀ ਦੇ ਸਮੁੱਚੇ ਖਰਚੇ ਨੂੰ ਵਧਾਉਂਦਾ ਹੈ, ਪਾਰਟੀਆਂ @ਤੇ ਵਿੱਤੀ ਬੋਝ ਪਾਉਂਦਾ ਹੈ, ਖਾਸ ਤੌਰ @ਤੇ ਹੇਠਲੇ ਸਮਾਜਿਕ-ਆਰਥਿਕ ਪਿਛੋਕੜ ਵਾਲੇ। ਮੁਲਤਵੀ ਹੋਣ ਕਾਰਨ ਵਧੀਆਂ ਸਮਾਂ-ਸੀਮਾਵਾਂ ਸਮੇਂ ਸਿਰ ਨਿਆਂ ਤੱਕ ਪਹੁੰਚ ਨੂੰ ਸੀਮਤ ਕਰਦੀਆਂ ਹਨ, ਜਿਸ ਨਾਲ ਨਿਆਂ ਪ੍ਰਣਾਲੀ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਪ੍ਰਭਾਵਿਤ ਹੁੰਦਾ ਹੈ।

ਮੁਕੱਦਮੇ ਅਧੀਨ ਅਪਰਾਧਿਕ ਮਾਮਲਿਆਂ ਵਿੱਚ ਅਕਸਰ ਕਈ ਮੁਲਤਵੀ ਹੁੰਦੇ ਹਨ, ਜਿਸ ਨਾਲ ਨਿਆਂ ਵਿੱਚ ਦੇਰੀ ਹੁੰਦੀ ਹੈ ਅਤੇ ਦੋਸ਼ੀ ਦੇ ਨਿਰਪੱਖ ਅਤੇ ਤੇਜ਼ ਮੁਕੱਦਮੇ ਦੇ ਅਧਿਕਾਰ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਮੁਲਤਵੀ ਕਰਨ ਨਾਲ ਕੀਮਤੀ ਅਦਾਲਤੀ ਸਮਾਂ ਬਰਬਾਦ ਹੁੰਦਾ ਹੈ, ਜਿਸ ਦੀ ਵਰਤੋਂ ਹੋਰ ਕੇਸਾਂ ਦੇ ਨਿਪਟਾਰੇ ਲਈ ਕੀਤੀ ਜਾ ਸਕਦੀ ਹੈ, ਜਿਸ ਨਾਲ ਸਿਸਟਮ ਦੀ ਸਮੁੱਚੀ ਕੁਸ਼ਲਤਾ ਘਟਦੀ ਹੈ। ਮੁਲਤਵੀ ਹੋਣ ਕਾਰਨ ਹੋਣ ਵਾਲੀ ਦੇਰੀ ਕਾਰਨ ਗਵਾਹਾਂ ਵਿੱਚ ਥਕਾਵਟ, ਯਾਦਦਾਸ਼ਤ ਵਿਗੜ ਸਕਦੀ ਹੈ ਅਤੇ ਕਈ ਵਾਰੀ ਕਢਵਾਉਣ ਦੀ ਪ੍ਰਵਿਰਤੀ ਹੋ ਸਕਦੀ ਹੈ, ਜਿਸ ਨਾਲ ਸਬੂਤ ਦੀ ਗੁਣਵੱਤਾ ਅਤੇ ਕੇਸ ਦੇ ਨਤੀਜੇ ਪ੍ਰਭਾਵਿਤ ਹੁੰਦੇ ਹਨ। ਗਵਾਹ ਨੂੰ ਧਮਕਾਉਣ ਦੇ ਮਾਮਲਿਆਂ ਵਿੱਚ, ਵਾਰ-ਵਾਰ ਮੁਲਤਵੀ ਹੋਣ ਕਾਰਨ ਗਵਾਹ ਆਪਣੇ ਬਿਆਨ ਵਾਪਸ ਲੈ ਲੈਂਦੇ ਹਨ ਜਾਂ ਬਦਲਦੇ ਹਨ, ਜਿਸ ਨਾਲ ਫੈਸਲੇ @ਤੇ ਅਸਰ ਪੈਂਦਾ ਹੈ।

ਪਰੋਸੀਜਰਲ ਕੋਡ ਮੁਲਤਵੀ ਕਰਨ ਲਈ ਪ੍ਰਦਾਨ ਕਰਦਾ ਹੈ, ਵਕੀਲਾਂ ਨੂੰ ਰਣਨੀਤਕ ਫਾਇਦੇ ਲਈ ਇਸ ਲਚਕਤਾ ਦਾ ਸ਼ੋਸ਼ਣ ਕਰਨ ਦੀ ਇਜਾਜ਼ਤ ਦਿੰਦਾ ਹੈ। ਸਿਵਲ ਪ੍ਰਕਿਰਿਆ ਦਾ ਜ਼ਾਬਤਾ ਕੁਝ ਸ਼ਰਤਾਂ ਅਧੀਨ ਮੁਲਤਵੀ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਕਾਰਵਾਈ ਵਿੱਚ ਦੇਰੀ ਕਰਨ ਲਈ ਅਕਸਰ ਇਸਦੀ ਦੁਰਵਰਤੋਂ ਕੀਤੀ ਜਾਂਦੀ ਹੈ। ਉੱਚ ਕੇਸਾਂ ਦਾ ਭਾਰ ਅਤੇ ਸੀਮਤ ਅਦਾਲਤੀ ਸਟਾਫ਼ ਅਕਸਰ ਮੁਲਤਵੀ ਹੋਣ ਵਿੱਚ ਯੋਗਦਾਨ ਪਾਉਂਦਾ ਹੈ, ਕਿਉਂਕਿ ਜੱਜ ਹਰੇਕ ਕੇਸ ਲਈ ਲੋੜੀਂਦਾ ਸਮਾਂ ਨਿਰਧਾਰਤ ਕਰਨ ਲਈ ਸੰਘਰਸ਼ ਕਰਦੇ ਹਨ। ਹੇਠਲੀਆਂ ਅਦਾਲਤਾਂ ਵਿੱਚ, ਜੱਜਾਂ @ਤੇ ਅਕਸਰ ਬੋਝ ਪੈਂਦਾ ਹੈ, ਹਰ ਮਹੀਨੇ ਸੈਂਕੜੇ ਕੇਸਾਂ ਦਾ ਨਿਪਟਾਰਾ ਕਰਦੇ ਹਨ, ਨਤੀਜੇ ਵਜੋਂ ਸੁਣਵਾਈ ਮੁਲਤਵੀ ਹੋ ਜਾਂਦੀ ਹੈ। ਪਾਰਟੀਆਂ ਜਾਣਬੁੱਝ ਕੇ ਨਿੱਜੀ ਜਾਂ ਰਣਨੀਤਕ ਕਾਰਨਾਂ, ਜਿਵੇਂ ਕਿ ਵਿੱਤੀ ਦੇਣਦਾਰੀਆਂ ਵਿੱਚ ਦੇਰੀ ਜਾਂ ਉਲਟ ਫੈਸਲਿਆਂ ਨੂੰ ਮੁਲਤਵੀ ਕਰਨ ਲਈ ਕਾਰਵਾਈ ਵਿੱਚ ਦੇਰੀ ਕਰਨ ਲਈ ਮੁਲਤਵੀ ਕਰਨ ਦੀ ਮੰਗ ਕਰ ਸਕਦੀਆਂ ਹਨ। ਜਾਇਦਾਦ ਦੇ ਝਗੜਿਆਂ ਵਿੱਚ, ਬਚਾਓ ਪੱਖ ਕਈ ਵਾਰ ਬਿਨਾਂ ਹੱਲ ਕੀਤੇ ਕਬਜ਼ੇ ਨੂੰ ਲੰਮਾ ਕਰਨ ਲਈ ਵਾਰ-ਵਾਰ ਮੁਲਤਵੀ ਕਰਨ ਦੀ ਬੇਨਤੀ ਕਰਦੇ ਹਨ।

ਪ੍ਰਭਾਵਸ਼ਾਲੀ ਕੇਸ ਪ੍ਰਬੰਧਨ ਪ੍ਰਣਾਲੀਆਂ ਦੀ ਅਣਹੋਂਦ ਦਾ ਮਤਲਬ ਹੈ ਕਿ ਕੇਸਾਂ ਨੂੰ ਕੁਸ਼ਲਤਾ ਨਾਲ ਤਹਿ ਜਾਂ ਨਿਗਰਾਨੀ ਨਹੀਂ ਕੀਤੀ ਜਾਂਦੀ, ਜਿਸ ਨਾਲ ਬੇਲੋੜੀ ਮੁਲਤਵੀ ਹੋ ਜਾਂਦੀ ਹੈ। ਡਿਜੀਟਲ ਕੇਸ-ਟਰੈਕਿੰਗ ਪ੍ਰਣਾਲੀਆਂ ਦੀ ਘਾਟ ਵਾਲੀਆਂ ਅਦਾਲਤਾਂ ਨੂੰ ਪ੍ਰਬੰਧਕੀ ਅਕੁਸ਼ਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਕੇਸ ਦੀ ਪ੍ਰਗਤੀ ਦੀ ਨਿਗਰਾਨੀ ਕਰਨਾ ਅਤੇ ਦੇਰੀ ਨੂੰ ਘਟਾਉਣਾ ਮੁਸ਼ਕਲ ਹੋ ਜਾਂਦਾ ਹੈ। ਸਿਖਲਾਈ ਪ੍ਰਾਪਤ ਅਦਾਲਤੀ ਕਰਮਚਾਰੀਆਂ ਦੀ ਸੀਮਤ ਉਪਲਬਧਤਾ, ਖਾਸ ਤੌਰ @ਤੇ ਪੇਂਡੂ ਖੇਤਰਾਂ ਵਿੱਚ, ਪ੍ਰਕਿਰਿਆਤਮਕ ਦੇਰੀ ਅਤੇ ਮੁਲਤਵੀ ਕਰਨ ਲਈ ਵਾਰ-ਵਾਰ ਬੇਨਤੀਆਂ ਦਾ ਕਾਰਨ ਬਣਦੀ ਹੈ। ਪਰੋਸੀਜਰਲ ਕੋਡਾਂ ਵਿੱਚ ਸੋਧ ਕਰਕੇ ਮੁਲਤਵੀ ਹੋਣ ਦੀ ਗਿਣਤੀ ਨੂੰ ਸੀਮਿਤ ਕਰੋ, ਖਾਸ ਕਰਕੇ ਸਿਵਲ ਅਤੇ ਫੌਜਦਾਰੀ ਕੇਸਾਂ ਵਿੱਚ। ਕੁਝ ਉੱਚ ਅਦਾਲਤਾਂ ਨੇ ਮੁਲਤਵੀ ਕਰਨ ਦੀ ਅਧਿਕਤਮ ਸੀਮਾ ਨੂੰ ਪ੍ਰਤੀ ਕੇਸ ਤਿੰਨ ਤੱਕ ਸੀਮਤ ਕਰਨ ਲਈ ਸੁਧਾਰ ਪੇਸ਼ ਕੀਤੇ ਹਨ, ਜਿਸ ਨਾਲ ਕੇਸਾਂ ਦੇ ਹੱਲ ਦੀ ਸਮਾਂ-ਸੀਮਾ ਵਿੱਚ ਸੁਧਾਰ ਹੋਇਆ ਹੈ। ਸਮਾਂ-ਸਾਰਣੀ ਨੂੰ ਸੁਚਾਰੂ ਬਣਾਉਣ, ਕੇਸ ਦੀ ਪ੍ਰਗਤੀ ਦੀ ਨਿਗਰਾਨੀ ਕਰਨ, ਅਤੇ ਅਦਾਲਤੀ ਸਰੋਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਰਧਾਰਤ ਕਰਨ ਲਈ ਡਿਜੀਟਲ ਕੇਸ ਪ੍ਰਬੰਧਨ ਸਾਧਨਾਂ ਨੂੰ ਲਾਗੂ ਕਰੋ। ਈ-ਕੋਰਟ ਪ੍ਰੋਜੈਕਟ ਦਾ ਉਦੇਸ਼ ਕੁਸ਼ਲ ਕੇਸ ਟ੍ਰੈਕਿੰਗ, ਪਾਰਦਰਸ਼ਤਾ ਵਧਾਉਣ ਅਤੇ ਬੇਲੋੜੀ ਦੇਰੀ ਨੂੰ ਘਟਾਉਣ ਲਈ ਇੱਕ ਡਿਜੀਟਲ ਪ੍ਰਣਾਲੀ ਨੂੰ ਪੇਸ਼ ਕਰਨਾ ਹੈ।

ਕੇਸਾਂ ਦੇ ਕੁਸ਼ਲ ਨਿਪਟਾਰੇ ਨੂੰ ਉਤਸ਼ਾਹਿਤ ਕਰਨ ਅਤੇ ਮੁਲਤਵੀਆਂ ਨੂੰ ਘਟਾਉਣ ਲਈ ਜੱਜਾਂ ਅਤੇ ਅਦਾਲਤੀ ਸਟਾਫ ਲਈ ਪ੍ਰਦਰਸ਼ਨ ਪ੍ਰੋਤਸਾਹਨ ਪੇਸ਼ ਕਰੋ। ਰਾਜਾਂ ਨੇ ਅਜਿਹੀਆਂ ਯੋਜਨਾਵਾਂ ਲਾਗੂ ਕੀਤੀਆਂ ਹਨ ਜੋ ਕੇਸ ਦੀ ਸਮਾਂ-ਸੀਮਾ ਦੀ ਪਾਲਣਾ ਕਰਨ ਲਈ ਨਿਆਂਇਕ ਅਧਿਕਾਰੀਆਂ ਨੂੰ ਮਾਨਤਾ ਦਿੰਦੀਆਂ ਹਨ ਅਤੇ ਇਨਾਮ ਦਿੰਦੀਆਂ ਹਨ, ਜਿਸ ਨਾਲ ਜਵਾਬਦੇਹੀ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਕੇਸਾਂ ਨੂੰ ਸੰਭਾਲਣ ਦੀ ਸਮਰੱਥਾ ਨੂੰ ਬਿਹਤਰ ਬਣਾਉਣ ਲਈ ਵਾਧੂ ਕਰਮਚਾਰੀਆਂ ਦੀ ਨਿਯੁਕਤੀ ਕਰਕੇ ਜੱਜਾਂ ਦੀ ਕਮੀ ਨੂੰ ਪੂਰਾ ਕਰੋ, ਖਾਸ ਕਰਕੇ ਜ਼ਿਆਦਾ ਬੋਝ ਵਾਲੀਆਂ ਅਦਾਲਤਾਂ ਵਿੱਚ। ਵਧੀਕ ਜ਼ਿਲ੍ਹਾ ਜੱਜਾਂ ਦੀ ਨਿਯੁਕਤੀ ਲਈ ਹਾਲ ਹੀ ਵਿੱਚ ਸਰਕਾਰ ਦੀ ਪਹਿਲਕਦਮੀ ਨੇ ਕੁਝ ਉੱਚ-ਬਕਾਇਆ ਖੇਤਰਾਂ ਵਿੱਚ ਕੇਸਾਂ ਦੇ ਭਾਰ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ। ਵਕੀਲਾਂ ਨੂੰ ਨੈਤਿਕ ਅਭਿਆਸਾਂ ਬਾਰੇ ਸਿੱਖਿਅਤ ਕਰਨ ਲਈ, ਬੇਲੋੜੀ ਮੁਲਤਵੀ ਬੇਨਤੀਆਂ ਨੂੰ ਨਿਰਾਸ਼ ਕਰਨ, ਅਤੇ ਸਮੇਂ ਸਿਰ ਕੇਸ ਦੇ ਹੱਲ ਨੂੰ ਉਤਸ਼ਾਹਿਤ ਕਰਨ ਲਈ ਵਰਕਸ਼ਾਪਾਂ ਦਾ ਆਯੋਜਨ ਕਰੋ। ਕਾਨੂੰਨੀ ਸੰਸਥਾਵਾਂ ਨੇ ਕੁਸ਼ਲ ਕੇਸ ਨਿਪਟਾਰੇ ਦੀ ਸੰਸਕ੍ਰਿਤੀ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਨਿਰੰਤਰ ਪੇਸ਼ੇਵਰ ਵਿਕਾਸ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਹੈ।

ਭਾਰਤ ਦੇ ਨਿਆਂਇਕ ਬੈਕਲਾਗ ਨੂੰ ਹੱਲ ਕਰਨ ਅਤੇ ਨਿਆਂ ਪ੍ਰਦਾਨ ਕਰਨ ਨੂੰ ਵਧਾਉਣ ਲਈ ਨਿਆਂਇਕ ਮੁਲਤਵੀਆਂ ਨੂੰ ਘਟਾਉਣਾ ਜ਼ਰੂਰੀ ਹੈ। ਕੇਸ ਪ੍ਰਬੰਧਨ, ਮੁਲਤਵੀਆਂ ਨੂੰ ਸੀਮਤ ਕਰਨ ਅਤੇ ਨਿਆਂਇਕ ਸਮਰੱਥਾ ਦਾ ਵਿਸਥਾਰ ਕਰਨ ਵਰਗੇ ਉਪਾਅ ਅਪਣਾ ਕੇ, ਨਿਆਂਪਾਲਿਕਾ ਇੱਕ ਕੁਸ਼ਲ ਪ੍ਰਣਾਲੀ ਵੱਲ ਅੱਗੇ ਵਧ ਸਕਦੀ ਹੈ। ਸਭ ਨੂੰ ਨਿਰਪੱਖ ਅਤੇ ਬਰਾਬਰ ਨਿਆਂ ਯਕੀਨੀ ਬਣਾਉਣ ਲਈ ਸਮੇਂ ਸਿਰ ਸੁਧਾਰਾਂ ਦੀ ਫੌਰੀ ਲੋੜ ਨੂੰ ਰੇਖਾਂਕਿਤ ਕਰਦੇ ਹੋਏ, ਇਹ ਸਹੀ ਕਿਹਾ ਗਿਆ ਹੈ, ÷ਨਿਆਂ ਵਿੱਚ ਦੇਰੀ ਨਿਆਂ ਤੋਂ ਇਨਕਾਰ ਹੈ।

# ਟਰੂਡੋ ਦੇ ਭਾਰਤ ਉਪਰ ਦੋਸ਼ ਸੱਚੇ ਜਾਂ ਸਿਆਸੀ ਮਜਬੂਰੀ.....?

ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿੱਚ ਹਾਲੀਆ ਕਈ ਸਾਲਾਂ ਵਿੱਚ ਵੱਡੇ ਉਤਾਰ-ਚੜ੍ਹਾਅ ਆਏ ਹਨ। ਇਨ੍ਹਾਂ ਦੋਨੋ ਦੇ ਰਿਸ਼ਤੇ ਮਜ਼ਬੂਤ ਸਿਆਸੀ, ਵਪਾਰਕ, ਅਤੇ ਸੱਭਿਆਚਾਰਕ ਸਬੰਧਾਂ 'ਤੇ ਆਧਾਰਿਤ ਹਨ, ਪਰ ਕੁਝ ਮੁੱਦਿਆਂ ਨੂੰ ਲੈ ਕੇ ਟਕਰਾਅ ਵੀ ਰਿਹਾ ਹੈ। ਕੈਨੇਡਾ ਵਿੱਚ ਭਾਰਤੀ ਭਾਈਚਾਰੇ ਦੀ ਵੱਡੀ ਗਿਣਤੀ ਹੈ, ਜੋ ਦੋਨੋਂ ਦੇ ਸਬੰਧਾਂ ਨੂੰ ਬਲ ਦਿੰਦੀ ਹੈ। ਕੈਨੇਡਾ ਦੀ ਸਿਆਸਤ ਵਿੱਚ ਵੀ ਭਾਰਤੀ ਮੂਲ ਦੇ ਲੋਕਾਂ ਦੀ ਵੱਡੀ ਭੂਮਿਕਾ ਹੈ। ਪਰ ਇਨ੍ਹਾਂ ਰਿਸ਼ਤਿਆਂ ਵਿੱਚ ਕੁਝ ਸਮੇਂ ਤੋਂ ਖਟਾਸ ਆਈ ਹੈ, ਖਾਸ ਕਰਕੇ ਖਾਲਿਸਤਾਨੀ ਅੰਦੋਲਨ ਦੇ ਮੁੱਦੇ 'ਤੇ। ਕੈਨੇਡਾ ਵਿੱਚ ਕੁਝ ਗਰੁੱਪ ਖਾਲਿਸਤਾਨੀ ਅਲੱਗਾਵਾਦ ਦਾ ਸਮਰਥਨ ਕਰਦੇ ਹਨ, ਜਿਸ ਕਾਰਨ ਭਾਰਤ ਨੇ ਕਈ ਵਾਰ ਚਿੰਤਾ ਜਤਾਈ ਹੈ। ਇਹ ਮੁੱਦਾ ਦੋਨੋ ਦੇ ਰਿਸ਼ਤਿਆਂ ਵਿੱਚ ਟਕਰਾਅ ਦਾ ਕਾਰਨ ਬਣਿਆ ਹੈ। ਇਹਨਾਂ ਦੇ ਇਲਾਵਾ, ਵਪਾਰ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਦੋਨੋ ਦੇ ਵੱਧਦੇ ਸਬੰਧ ਦਿੱਖਣ ਨੂੰ ਮਿਲਦੇ ਹਨ। ਭਾਰਤ ਕੈਨੇਡਾ ਦੇ ਵੱਡੇ ਵਪਾਰਕ ਸਾਥੀਆਂ ਵਿੱਚੋਂ ਇੱਕ ਹੈ, ਅਤੇ ਕਈ ਭਾਰਤੀ ਵਿਦਿਆਰਥੀ ਉਚੀ ਸਿੱਖਿਆ ਲਈ ਕੈਨੇਡਾ ਵਿੱਚ ਪੜ੍ਹਨ ਜਾਂਦੇ ਹਨ। ਇਕ ਵੱਖਰਾ ਪਾਸਾ ਭਾਰਤ ਵਿੱਚ ਪੰਜਾਬੀ ਪਰਿਵਾਰਾਂ ਦਾ ਕੈਨੇਡਾ ਲਈ ਖਿੱਚ ਵੀ ਹੈ, ਜੋ ਦੋਨੋ ਦੇ ਮਜ਼ਬੂਤ ਸੱਭਿਆਚਾਰਕ ਰਿਸ਼ਤਿਆਂ ਦਾ ਨਤੀਜਾ ਹੈ। ਪਰ ਆਉ, ਹੁਣ ਮੌਜੂਦਾ ਭਾਰਤ-ਕੈਨੇਡਾ ਰਿਸ਼ਤਿਆਂ ਵਿੱਚ ਆਈ ਖਟਾਸ ਬਾਰੇ ਗੱਲ ਕਰਦੇ ਹਾਂ।ਭਾਰਤ ਅਤੇ ਕੈਨੇਡਾ ਦੇ ਰਾਜਨੀਤਕ ਸਬੰਧਾਂ ਵਿੱਚ ਪਿਛਲੇ ਕਈ ਸਾਲਾਂ ਵਿੱਚ ਵੱਡੇ ਉਤਰਾਅ-ਚੜ੍ਹਾਅ ਆਏ ਹਨ। ਇਨ੍ਹਾਂ ਦੇ ਰਿਸ਼ਤਿਆਂ ਦਾ ਇਤਿਹਾਸ ਕਾਫ਼ੀ ਮਜ਼ਬੂਤ ਅਤੇ ਦੋਸਤਾਨਾ ਰਿਹਾ ਹੈ, ਕਿਉਂਕਿ ਦੋਨੋ ਦੇਸ਼ ਵਪਾਰ, ਸਿਆਸੀ, ਅਤੇ ਸਭਿਆਚਾਰਕ ਪੱਖਾਂ ਤੋਂ ਇੱਕ-ਦੂਜੇ ਨਾਲ ਬਹੁਤ ਮਜ਼ਬੂਤ ਸਬੰਧ ਰੱਖਦੇ ਹਨ। ਵਿਸ਼ੇਸ਼ ਤੌਰ 'ਤੇ ਕਨੇਡਾ ਵਿੱਚ ਭਾਰਤੀ ਭਾਈਚਾਰੇ ਦੀ ਮੌਜੂਦਗੀ, ਜੋ ਤਕਰੀਬਨ 1.4 ਮਿਲੀਅਨ ਦੀ ਗਿਣਤੀ ਵਿੱਚ ਹੈ, ਇਨ੍ਹਾਂ ਰਿਸ਼ਤਿਆਂ ਨੂੰ ਹਮੇਸ਼ਾਂ ਵਧਾਉਂਦੀ ਆ ਰਹੀ ਹੈ। ਕੈਨੇਡਾ ਦੀ ਸਿਆਸਤ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਵੱਡੀ ਭੂਮਿਕਾ ਹੈ, ਜਿਸ ਕਰਕੇ ਸਿਆਸੀ ਪੱਧਰ 'ਤੇ ਵੀ ਇਹ ਸਬੰਧ ਕਾਫੀ ਹੱਦ ਤੱਕ ਮਜ਼ਬੂਤ ਰਹੇ ਹਨ। ਪਰ, ਪਿਛਲੇ ਕੁਝ ਸਾਲਾਂ ਵਿੱਚ ਕੁਝ ਅਜਿਹੇ ਮੁੱਦੇ ਸਾਹਮਣੇ ਆਏ ਹਨ, ਜਿਨ੍ਹਾਂ ਕਰਕੇ ਦੋਨੋ ਦੇਸ਼ਾਂ ਦੇ ਸਬੰਧਾਂ ਵਿੱਚ ਖਟਾਸ ਆਉਂਦੀ ਦਿੱਖ ਰਹੀ ਹੈ। ਖਾਸ ਕਰਕੇ, ਖਾਲਿਸਤਾਨੀ ਅੰਦੋਲਨ ਨਾਲ ਜੁੜੇ ਮਾਮਲੇ ਦੋਨੋਂ ਦੇਸ਼ਾਂ ਵਿੱਚ ਖਾਸ ਤਣਾਅ ਦਾ ਕਾਰਨ ਬਣੇ ਹਨ। ਇਸ ਮੁੱਦੇ ਦੀ ਸ਼ੁਰੂਆਤ



ਕੈਨੇਡਾ ਵਿੱਚ ਕੁਝ ਵੱਖਵਾਦੀ ਗਰੁੱਪਾਂ ਦੇ ਸਰਗਰਮ ਹੋਣ ਨਾਲ ਹੋਈ। ਕੈਨੇਡਾ ਵਿੱਚ ਕੁਝ ਖਾਲਿਸਤਾਨੀ ਗਰੁੱਪ ਭਾਰਤ ਵਿੱਚ ਖਾਲਿਸਤਾਨ ਦੀ ਮੰਗ ਨੂੰ ਪ੍ਰਮੋਟ ਕਰਦੇ ਹਨ, ਜਿਸ ਕਰਕੇ ਭਾਰਤ ਨੂੰ ਕਈ ਵਾਰ ਆਪਣੇ ਰਾਸ਼ਟਰੀ ਹਿੱਤਾਂ 'ਤੇ ਚਿੰਤਾ ਹੋਈ ਹੈ। ਇਹ ਗਰੁੱਪ ਕੈਨੇਡਾ ਵਿੱਚ ਕੁਝ ਵਿਅਕਤੀਆਂ ਨੂੰ ਹੀਰੋ ਦੇ ਰੂਪ ਵਿੱਚ ਦੇਖਦੇ ਹਨ ਜਿਨ੍ਹਾਂ ਦਾ ਭਾਰਤ ਨਾਲ ਖਾਲਿਸਤਾਨੀ ਅਲੱਗਾਵਾਦ ਨੂੰ ਲੈ ਕੇ ਕਾਫ਼ੀ ਵਿਰੋਧ ਰਹਿੰਦਾ ਹੈ। ਇਸ ਸਾਰੇ ਸੰਦਰਭ ਵਿੱਚ ਜ਼ਮਾਨੇ ਤੋਂ ਇੱਕ ਮੁਹਾਵਰਾ ਚੱਲਦਾ ਆ ਰਿਹਾ ਹੈ ਕਿ ਜਿਹੜੇ ਵੀ ਦੇਸ਼ ਵਿੱਚ ਵੱਡੀ ਸੰਖਿਆ ਵਿੱਚ ਭਾਰਤੀ ਮੂਲ ਦੇ ਲੋਕ ਹੁੰਦੇ ਹਨ, ਉੱਥੇ ਭਾਰਤੀ ਸਿਆਸਤ ਦਾ ਅਸਰ ਵੀ ਬਰਕਰਾਰ ਰਹਿੰਦਾ ਹੈ। ਇਹ ਗੱਲ ਕੈਨੇਡਾ ਵਿੱਚ ਵੀ ਸਹੀ ਦਿੱਖ ਰਹੀ ਹੈ, ਕਿਉਂਕਿ ਉੱਥੇ ਭਾਰਤੀ ਮੂਲ ਦੇ ਲੋਕਾਂ ਦੀ ਗਿਣਤੀ ਸਿਆਸੀ ਪੱਧਰ 'ਤੇ ਕਾਫ਼ੀ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਕਰਕੇ, ਕੈਨੇਡਾ ਦੇ ਸਿਆਸੀ ਨੇਤਾ ਹਮੇਸ਼ਾ ਇਸ ਭਾਈਚਾਰੇ ਨੂੰ ਰਿਝਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਵਿੱਚ ਕਈ ਵਾਰ ਵੱਖਵਾਦੀ ਗਰੁੱਪਾਂ ਦਾ ਸਮਰਥਨ ਵੀ ਸ਼ਾਮਲ ਹੁੰਦਾ ਹੈ।ਇਸ ਸਾਰੇ ਮਾਹੌਲ ਦੇ ਵਿਚਕਾਰ, ਭਾਈ ਨਿੱਜਰ ਦੀ ਹੱਤਿਆ ਦਾ ਮਾਮਲਾ ਉੱਥੇ ਦੀ ਰਾਜਨੀਤਕ ਮਾਹਿਰਾਂ ਨੂੰ ਬਹੁਤ ਹੀ ਗੰਭੀਰਤਾ ਨਾਲ ਪ੍ਰਭਾਵਿਤ ਕਰ ਚੁੱਕਾ ਹੈ। ਜਸਟਿਨ ਟਰੂਡੋ ਦੀ ਕੈਨੇਡਾ ਸਰਕਾਰ ਨੇ ਇਸ ਮਾਮਲੇ ਵਿੱਚ ਭਾਰਤ ਦੇ ਉੱਪਰ ਇਲਜ਼ਾਮ ਲਗਾਇਆ ਕਿ ਨਿੱਜਰ ਦੀ ਹੱਤਿਆ ਵਿੱਚ ਭਾਰਤ ਦੀ ਭੂਮਿਕਾ ਹੈ। ਪਰ ਇਸ ਬਿਆਨ ਦਾ ਕੋਈ ਪੱਕਾ ਸਬੂਤ ਨਾ ਹੋਣ ਦੇ ਕਾਰਨ, ਇਹ ਦੋਸ਼ ਹਵਾ ਵਿੱਚ ਦਿੱਤੇ ਬਿਆਨਾਂ ਵਾਂਗ ਜਾਪਦੇ ਹਨ। ਕੈਨੇਡਾ ਸਰਕਾਰ ਇਸ ਮਾਮਲੇ ਨੂੰ ਲੈ ਕੇ ਸੰਯੁਕਤ ਰਾਸ਼ਟਰ ਜਾ ਕੇ ਸ਼ਿਕਾਇਤ ਦਰਜ ਕਰ ਸਕਦੀ ਸੀ ਜੇਕਰ ਇਸਦੇ ਕੋਲ ਕੋਈ ਠੋਸ ਸਬੂਤ ਹੁੰਦੇ। ਪਰ ਹਾਲ ਵਿੱਚ ਦੇਖਿਆ ਗਿਆ ਹੈ ਕਿ ਕੈਨੇਡਾ ਨੇ ਅਜਿਹਾ ਨਹੀਂ ਕੀਤਾ, ਜਿਸ ਕਰਕੇ ਇਹ ਬਿਆਨ ਸਿਰਫ ਇੱਕ ਰਾਜਨੀਤਕ ਚਾਲ ਵਾਂਗ ਲੱਗਦਾ ਹੈ। ਕੈਨੇਡਾ ਵਿੱਚ ਚੋਣਾਂ ਦੇ ਨੇੜੇ ਆਉਣ ਦੇ ਕਾਰਨ, ਕੈਨੇਡਾ ਦੀਆਂ ਸਿਆਸੀ ਪਾਰਟੀਆਂ ਨੂੰ ਆਪਣੇ ਸਿਆਸੀ ਹਿੱਤਾਂ ਦੀ ਚਿੰਤਾ ਹੈ। ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਵੀ ਇਸ ਸਥਿਤੀ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬੀ ਭਾਈਚਾਰੇ ਦੀ ਵੱਡੀ ਗਿਣਤੀ ਕੈਨੇਡਾ ਵਿੱਚ ਵੱਡੇ ਵੋਟਰ ਬੈਂਕ ਦਾ ਹਿੱਸਾ ਹੈ, ਜਿਸ ਕਰਕੇ ਕੈਨੇਡਾ ਦੀ ਰਾਜਨੀਤੀ ਵਿੱਚ ਇਸ ਭਾਈਚਾਰੇ ਦੀ ਕਾਫ਼ੀ ਪਕੜ ਹੈ। ਇਹ ਪਕੜ ਵੱਖਵਾਦੀ ਸੰਗਠਨਾਂ ਨੂੰ ਸਮਰਥਨ ਦੇਣ ਵਾਲੀ ਹੈ। ਇਸ ਦੇ ਕਾਰਨ ਟਰੂਡੋ ਦੀ ਸਿਆਸੀ ਰਜ਼ਾਮੰਦਗੀ ਅਤੇ ਵੱਖਵਾਦੀ ਸੰਗਠਨਾਂ ਨਾਲ ਸਬੰਧਤ ਵਿਅਕਤੀਆਂ ਦੇ ਕਤਲ ਨੂੰ ਲੈ ਕੇ ਉਹ ਭਾਰਤ 'ਤੇ ਦੋਸ਼ ਲਗਾਉਣ ਲਈ ਮਜਬੂਰ ਹੋ ਰਹੇ ਹਨ। ਭਾਰਤ ਨੇ ਕੈਨੇਡਾ ਦੇ ਇਨ੍ਹਾਂ ਦੋਸ਼ਾਂ ਨੂੰ ਨਿਰਾਧਾਰ ਕਰਾਰ ਦਿੱਤਾ ਹੈ। ਭਾਰਤ ਦਾ ਮੰਨਣਾ ਹੈ ਕਿ ਜਿਹੜੇ ਵੀ ਦੋਸ਼ ਲਾਏ ਜਾ ਰਹੇ ਹਨ ਉਹ ਸਿਰਫ ਰਾਜਨੀਤਕ ਮਕਸਦਾਂ ਲਈ ਹਨ ਅਤੇ ਇਹ ਸੱਚਾਈ ਤੋਂ ਦੂਰ ਹਨ। ਭਾਰਤ ਦੀ ਮੌਜੂਦਾ ਰਾਜਨੀਤਕ ਹਾਲਤ ਦੇਖਦੇ ਹੋਏ, ਇਹ ਮੰਨਿਆ ਜਾ ਸਕਦਾ ਹੈ ਕਿ ਵਿਦੇਸ਼ੀ ਰਾਜਨੀਤਕ ਪੱਧਰ 'ਤੇ ਅਜਿਹੇ ਦੋਸ਼ ਬਹੁਤ ਹੀ ਮੰਦਭਾਗੇ ਹਨ। ਦੋ ਦੇਸ਼ਾਂ ਦੇ ਰਿਸ਼ਤੇ ਖਾਸ ਕਰਕੇ ਅਜਿਹੀ ਸਥਿਤੀ ਵਿੱਚ ਗੰਭੀਰ ਹੋ ਸਕਦੇ ਹਨ ਜਦੋਂ ਇਕ ਵਿਦੇਸ਼ੀ ਸਿਆਸੀ ਦੋਸ਼ ਬਗੈਰ ਸਬੂਤਾਂ ਤੋਂ ਲਾਏ ਜਾਣ। ਇਹ ਰਾਜਨੀਤਕ ਮਜਬੂਰੀ ਜਾਂ ਅਜਿਹੀ ਸਥਿਤੀ ਲਗਦੀ ਹੈ ਜਿਥੇ ਆਪਣੇ ਵੋਟਰਾਂ ਨੂੰ ਰਿਝਾਉਣ ਲਈ ਟਰੂਡੋ ਖੁਦ ਹੀ ਵੱਖਵਾਦੀ ਧਾਰਨਾਵਾਂ ਨਾਲ ਸਬੰਧਤ ਰਾਜਨੀਤਕ ਸੰਗਠਨਾਂ ਦੇ ਹੱਥਾਂ ਦੀ ਕੱਠਪੁਤਲੀ ਬਣਨ ਲਈ ਮਜਬੂਰ ਹੋਣ। ਸੱਚ ਜੋ ਵੀ ਹੋਵੇ , ਪਰ ਰਿਸ਼ਤਿਆਂ ਵਿੱਚ ਆਈ ਇਸ ਖਟਾਸ ਦਾ ਅਸਰ ਉਹਨਾਂ ਭਾਰਤੀ ਵਿਦਿਆਰਥੀਆਂ ਨੂੰ ਭੁਗਤਣਾ ਪੈ ਰਿਹਾ ਹੈ। ਜਿਸ ਦੇ ਚਲਦੇ ਬੁਖਲਾਹਟ ਵਿੱਚ ਟਰੂਡੋ ਸਰਕਾਰ ਨਿੱਤ ਬੇਤੁਕੇ ਫਰਮਾਨ ਜਾਰੀ ਕਰ ਰਹੀ ਹੈ। ਇਹਨਾਂ ਫੈਸਲਿਆਂ ਨਾਲ ਕੈਨੇਡਾ ਵਿੱਚ ਪੜ੍ਹਕੇ ਪੱਕੇ ਹੋਣ ਦੇ ਸੁਪਨੇ ਵੇਖ ਰਹੇ ਵਿਦਿਆਰਥੀਆਂ ਦੇ ਚੰਗੇ ਜੀਵਨ ਜਿਊਣ ਦੇ ਅਰਮਾਨਾਂ ਦਾ ਕਤਲ ਹੁੰਦਾ ਜਾਪ ਰਿਹਾ ਹੈ। ਵੈਸੇ ਇੱਕ ਗੱਲ ਹੈ ਰਾਜਨੀਤੀ ਕਿਸੇ ਵੀ ਦੇਸ਼ ਵਿੱਚ ਹੋਵੇ, ਆਮ ਆਦਮੀ ਦੇ ਹਿੱਤਾਂ 'ਤੇ ਹਮੇਸ਼ਾਂ ਭਾਰੂ ਰਹੀ ਹੈ। ਅੰਤ ਵਿੱਚ ਇਸ ਮਾਮਲੇ ਦੀ ਸਚਾਈ ਜਦੋਂ ਸਾਹਮਣੇ ਆਵੇਗੀ ਤਾਂ ਇਹ ਦੋਨੋ ਦੇਸ਼ਾਂ ਦੇ ਰਿਸ਼ਤਿਆਂ ਨੂੰ ਇੱਕ ਨਵੀਂ ਦਿਸ਼ਾ ਦੇਣ ਲਈ ਇੱਕ ਮੌਕਾ ਹੋਵੇਗਾ।

# ਅਮਰੀਕਾ 'ਚ ਪਰਵਾਸੀਆਂ ਦੀ ਕੀ ਭੂਮਿਕਾ ਹੈ ?

## ਕੁਝ ਅਰਥ ਸ਼ਾਸਤਰੀਆਂ ਨੇ ਪਰਵਾਸ ਜਾਰੀ ਰੱਖਣ ਦਾ ਸੁਝਾਅ ਕਿਉਂ ਦਿੱਤਾ ਹੈ




ਅਮਰੀਕੀ ਚੋਣਾਂ ਵਿੱਚ ਰਿਪਬਲਿਕਨ ਅਤੇ ਡੈਮੋਕ੍ਰੇਟ ਦੋਵਾਂ ਪਾਰਟੀਆਂ ਲਈ ਪਰਵਾਸ ਇੱਕ ਅਹਿਮ ਮੁੱਦਾ ਹੈ। ਦੋਵਾਂ ਪਾਰਟੀਆਂ ਦੇ ਉਮੀਦਵਾਰ, ਦੇਸ਼ ਵਿੱਚ ਗੈਰ ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਵਾਲੇ ਲੋਕਾਂ ਲਈ ਨਿਯਮ ਸਖ਼ਤ ਕਰਨ ਦੀ ਲੋੜ ਉੱਤੇ ਜ਼ੋਰ ਦੇ ਰਹੇ ਹਨ, ਖ਼ਾਸ ਕਰਕੇ ਮੈਕਸੀਕੋ ਵਾਲੇ ਪਾਸੇ ਤੋਂ ਦਾਖ਼ਲ ਹੋਣ ਵਾਲਿਆਂ 'ਤੇ।ਡੌਨਲਡ ਟਰੰਪ ਨੇ ਲਗਾਤਾਰ ਪਰਵਾਸੀਆਂ ਦੇ ਗੈਰ ਕਾਨੂੰਨੀ ਦਾਖ਼ਲੇ ਬਾਰੇ ਸਾਵਧਾਨ ਕੀਤਾ ਹੈ ਅਤੇ ਬਿਨਾਂ ਦਸਤਾਵੇਜ਼ ਵਾਲੇ ਪਰਵਾਸੀਆਂ ਨੂੰ ਵੱਡੇ ਪੈਮਾਨੇ 'ਤੇ ਵਾਪਸ ਭੇਜਣ ਦੀ ਗੱਲ ਕੀਤੀ ਹੈ।ਉਨ੍ਹਾਂ ਦੀ ਡੈਮੋਕ੍ਰੇਟ ਮੁਕਾਬਲੇਬਾਜ਼ ਕਮਲਾ ਹੈਰਿਸ ਨੇ ਸਾਬਕਾ ਰਾਸ਼ਟਰਪਤੀ ਉੱਤੇ ਪਰਵਾਸ ਦੇ ਮੁੱਦੇ 'ਤੇ ਭੈਅ ਅਤੇ ਫੁੱਟ ਨੂੰ ਹਵਾ ਦੇਣ ਦੇ ਇਲਜ਼ਾਮ ਲਾਏ ਹਨ ।ਪਰ ਉਨ੍ਹਾਂ ਨੇ ਸਰਹੱਦੀ ਸੁਰੱਖਿਆ ਬਾਰੇ ਲਿਆਂਦੇ ਜਾਣ ਵਾਲੇ ਕਿਸੇ ਵੀ ਬਿਲ ਦੀ ਹਮਾਇਤ ਦਾ ਵੀ ਭਰੋਸਾ ਦਿੱਤਾ ਹੈ, ਜਿਸ ਵਿੱਚ ਲੱਖਾਂ ਡਾਲਰ ਨਾਲ ਮੈਕਸੀਕੋ ਦੀ ਸਰਹੱਦ 'ਤੇ ਕੰਧ ਦੀ ਉਸਾਰੀ ਸ਼ਾਮਲ ਹੋਵੇਗੀ।ਪਰ ਪਰਵਾਸ ਅਮਰੀਕਾ ਵਿੱਚ ਕਿਸ ਤਰ੍ਹਾਂ ਦੀ ਭੂਮਿਕਾ ਨਿਭਾਉਂਦਾ ਹੈ ?ਅਮਰੀਕਾ ਦੁਨੀਆਂ ਭਰ 'ਚ ਵਿਦੇਸ਼ ਵਿੱਚ ਪੈਦਾ ਹੋਈ ਸਭ ਤੋਂ ਵੱਡੀ ਆਬਾਦੀ ਦਾ ਘਰ ਹੈ ਅਤੇ ਜੇ ਇੱਥੇ ਪਰਵਾਸੀ ਹੀ ਨਾ ਰਹੇ ਤਾਂ ਇਹ ਕਿਸ ਤਰ੍ਹਾਂ ਦਾ ਲੱਗੇਗਾ ? ਪਰਵਾਸੀਆਂ ਤੋਂ ਬਿਨਾਂ ਅਮਰੀਕਾ ਦੀ ਆਬਾਦੀ 'ਚ ਨਾਟਕੀ ਕਮੀ ਆ ਜਾਵੇਗੀ ਸਾਲ 2023 ਵਿੱਚ ਵਿਦੇਸ਼ਾਂ 'ਚ ਜੰਮੇ ਲੋਕਾਂ ਦੀ ਆਬਾਦੀ ਆਪਣੇ ਸਭ ਤੋਂ ਉੱਚੇ ਪੱਧਰ 47.8 ਮਿਲੀਅਨ 'ਤੇ ਸੀ। ਜੋ ਕਿ ਕੁੱਲ ਆਬਾਦੀ ਦਾ 14.3% ਹੈ। ਇਸ ਵਿੱਚ 10.6 ਮਿਲੀਅਨ ਲੋਕ ਮੈਕਸੀਕੋ ਤੋਂ, 2.8 ਮਿਲੀਅਨ ਭਾਰਤ ਤੋਂ ਅਤੇ 2.5 ਮਿਲੀਅਨ ਚੀਨ ਤੋਂ ਹਨ।ਇਸੇ ਦੌਰਾਨ ਭਾਵੇਂ ਅਮਰੀਕਾ ਦੀ ਆਬਾਦੀ ਪਰਵਾਸ ਦੀ ਬਦੌਲਤ ਲਗਾਤਾਰ ਵੱਧ ਰਹੀ ਹੈ, ਉੱਥੇ ਹੀ ਇੱਥੋਂ ਦੀ ਮੂਲ ਨ ਸੰਖਿਆ ਜਨਮ ਦਰ ਵਿੱਚ ਆਏ ਨਿਘਾਰ ਕਾਰਨ ਲਗਾਤਾਰ ਘੱਟ ਰਹੀ ਹੈ।ਅਮਰੀਕਾ ਵਿੱਚ 1930 ਦੇ ਦਹਾਕੇ ਤੋਂ ਬਾਅਦ ਸਾਲ 2010 ਤੋਂ 2020 ਦੇ ਦੌਰਾਨ ਸਭ ਤੋਂ ਹੌਲੀ ਜਨਮ ਦਰ ਵੇਖੀ ਗਈ। 1930 ਦੇ ਦਹਾਕੇ ਦੌਰਾਨ ਗੰਭੀਰ ਮੰਦੀ ਕਾਰਨ ਜਨਮ ਦਰ ਵਿੱਚ ਨਿਘਾਰ ਕਮੀ ਆਈ ਸੀ।ਇਸ ਦਾ ਅਰਥ ਹੈ ਕਿ ਅਮਰੀਕਾ ਵੀ, ਕਈ ਹੋਰ ਦੇਸ਼ਾਂ ਵਾਂਗ ਬੁੱਢੀ ਹੁੰਦੀ ਜਾ ਰਹੀ ਵਸੋਂ ਦੇ ਸੰਕਟ ਦੀਆਂ ਬਰੂਹਾਂ ਉੱਤੇ ਖੜ੍ਹਾ ਹੈ। ਇਸ ਦੇ ਨਾਲ ਹੀ ਸਿਹਤ ਸਹੂਲਤਾਂ ਮਹਿੰਗੀਆਂ ਹੋ ਰਹੀਆਂ ਹਨ ਅਤੇ ਵਸੋਂ ਦਾ ਉਹ ਹਿੱਸਾ ਜੋ ਕੰਮ ਕਰ ਸਕਣ ਯੋਗ ਹੈ ਉਹ ਲਗਾਤਾਰ ਘੱਟਦਾ ਜਾ ਰਿਹਾ ਹੈ।ਅਮਰੀਕੀ ਸੰਸਦ ਦੇ ਬਜਟ ਮੰਤਰਾਲੇ ਮੁਤਾਬਕ ਸਾਲ 2024 ਵਿੱਚ ਇੱਕ ਸਮਾਂ ਅਜਿਹਾ ਆਵੇਗਾ ਜਦੋਂ ਮੌਤ ਦਰ, ਜਨਮ ਦਰ ਨੂੰ ਪਾਰ ਕਰ ਜਾਵੇਗੀ ਅਤੇ ਪਰਵਾਸ ਹੀ ਜਨ ਸੰਖਿਆ ਦੇ ਸਾਰੇ ਵਾਧੇ ਲਈ ਜ਼ਿੰਮੇਵਾਰ ਹੋਵੇਗਾ।ਨਤੀਜੇ ਵਜੋਂ ਕੁਝ ਅਰਥ ਸ਼ਾਸਤਰੀ ਅਤੇ ਪਰਵਾਸ ਪੱਖੀ ਸਮੂਹਾਂ ਦੀ ਰਾਇ ਹੈ ਕਿ ਆਰਥਿਕ ਲੋੜਾਂ ਪੂਰੀਆਂ ਕਰਨ ਲਈ, ਖ਼ਾਸ ਕਰਕੇ ਪੇਂਡੂ ਇਲਾਕੇ ਵਿੱਚ, ਪਰਵਾਸ ਜਾਰੀ ਰਹਿਣ ਦੇਣਾ ਚਾਹੀਦਾ ਹੈ।

**ਪਰਵਾਸੀਆਂ ਤੋਂ ਬਿਨਾਂ ਅਮਰੀਕੀ ਅਰਥਚਾਰੇ ਕੀ ਨੁਕਸਾਨ ਪਹੁੰਚੇਗਾ**

ਬੋਸਟਨ ਯੂਨੀਵਰਸਿਟੀ ਵਿੱਚ ਇਕਨਾਮਿਕਸ ਦੇ ਪ੍ਰੋਫ਼ੈਸਰ ਤਾਰਿਕ ਹਸਨ ਮੁਤਾਬਕ ਪਰਵਾਸੀਆਂ ਤੋਂ ਬਿਨਾਂ ਅਮਰੀਕੀ ਅਰਥਚਾਰੇ ਨੂੰ ਨੁਕਸਾਨ ਪਹੁੰਚੇਗਾ।ਉਹ ਕਹਿੰਦੇ ਹਨ, ਜੇ ਤੁਸੀਂ ਪਰਵਾਸੀਆਂ ਨੂੰ ਪੂਰੀ ਤਰ੍ਹਾਂ ਹਟਾ ਦਿਓ ਤਾਂ ਤੁਸੀਂ ਪ੍ਰਤੀ ਜੀਅ ਸਕਲ ਘਰੇਲੂ ਉਤਪਾਦ ਵਿੱਚ 5 ਤੋਂ 10% ਦੇ ਘਾਟੇ ਦੀ ਗੱਲ ਕਰ ਰਹੇ ਹੋ। ਇਸਦਾ ਅਰਥ ਹੋਵੇਗਾ ਕਿ ਪ੍ਰਤੀ ਵਿਅਕਤੀ ਧਨ ਵਿੱਚ ਕਮੀ ਆਵੇਗੀ ਅਤੇ ਕੁੱਲ ਜੀਡੀਪੀ ਲੋਕ ਘੱਟ ਹੋਣ ਕਾਰਨ ਹੋਰ ਵੀ ਘੱਟ ਹੋਵੇਗੀ। ਹਸਨ ਦੱਸਦੇ ਹਨ ਕਿ ਉਨ੍ਹਾਂ ਦੇ ਅਧਿਐਨ ਮੁਤਾਬਕ ਪਰਵਾਸ, ਨਵੀਨਤਾ ਨੂੰ ਵਧਾਉਂਦਾ ਹੈ ਜੋ ਉਤਪਾਦਕਤਾ ਨੂੰ ਸਾਰੇ ਪਾਸੇ ਹੁੰਗਾਰਾ ਦਿੰਦੀ ਹੈ। ਇਸ ਲਈ ਇਹ ਕਿਸੇ ਇੱਕ ਖੇਤਰ ਤੱਕ ਸੀਮਤ ਨਹੀਂ ਹੈ। ਉਹ ਅਮਰੀਕੀ ਅਰਥਚਾਰੇ ਦੀ ਸਮੁੱਚੀ ਨਵੀਨ ਸਮਰੱਥਾ ਨੂੰ ਵਧਾਉਂਦੀ ਹੈ। ਅਮਰੀਕਾ ਦੇ ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਮੁਤਾਬਕ (ਜੋ ਕਿ ਇੱਕ ਸਰਕਾਰੀ ਅਦਾਰਾ ਹੈ) ਪਰਵਾਸੀਆਂ ਦੇ ਕੰਮ ਕਰਨ ਯੋਗ ਉਮਰ ਵਿੱਚ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਉਹ ਅਮਰੀਕੀ ਵਸੋਂ ਦੇ ਕਰੀਬ 14% ਹੀ ਹਨ ਪਰ ਨਾਗਰਿਕ ਕਾਰਜ ਸ਼ਕਤੀ ਦਾ 19%– 31 ਮਿਲੀਅਨ ਕਾਮੇ ਹਨ।ਉਨ੍ਹਾਂ ਦੀ ਕਾਰਜ ਸ਼ਕਤੀ ਵਿੱਚ ਹਿੱਸੇਦਾਰੀ ਵੀ ਅਮਰੀਕਾ ਵਿੱਚ ਪੈਦਾ ਹੋਏ ਲੋਕਾਂ ਦੇ ਮੁਕਾਬਲੇ ਜ਼ਿਆਦਾ ਹੈ।ਕਾਂਗਰਸ ਦੇ ਬਜਟ ਮੰਤਰਾਲੇ ਮੁਤਾਬਕ 2022 ਤੋਂ 2034 ਦਰਮਿਆਨ ਕਰੀਬ 91% ਪਰਵਾਸੀ ਅਮਰੀਕਾ ਆਉਣ ਸਮੇਂ 16 ਸਾਲ ਜਾਂ ਉਸ ਤੋਂ ਵੱਡੇ ਹੋਣਗੇ।ਆਰਥਿਕਤਾ ਦੇ ਕੁਝ ਖੇਤਰ, ਜਿਵੇਂ ਕਿ ਖੇਤੀਬਾੜੀ ਵਿਸ਼ੇਸ਼ ਤੌਰ ਉੱਤੇ ਪਰਵਾਸੀ ਮਜ਼ਦੂਰਾਂ ਉੱਤੇ ਨਿਰਭਰ ਹੈ।ਅਮਰੀਕਾ ਦੇ ਕਿਰਤ ਮੰਤਰਾਲੇ ਦੇ ਖੇਤੀ ਕਾਮਿਆਂ ਬਾਰੇ ਨੈਸ਼ਨਲ ਸਰਵੇ ਮੁਤਾਬਕ ਭਾਵੇਂ ਉਨ੍ਹਾਂ ਵਿੱਚੋਂ ਜ਼ਿਆਦਾਤਰ ਬਿਨਾਂ ਦਸਤਾਵੇਜ਼ ਦੇ ਸਨ ਪਰ 70% ਖੇਤ ਕਾਮੇ ਪਰਵਾਸੀ ਹਨ।ਨਾਨ ਵੂ ਜੋ ਕਿ ਅਮਰੀਕਨ ਇਮੀਗ੍ਰੇਸ਼ਨ ਕਾਊਂਸਲ ਦੇ ਖੋਜ ਨਿਰਦੇਸ਼ਕ ਹਨ, ਜੋ ਕਿ ਇੱਕ ਪਰਵਾਸ ਪੱਖੀ ਗਰੁੱਪ ਹੈ।ਉਹ ਕਹਿੰਦੇ ਹਨ, ਜੇਕਰ ਪਰਵਾਸੀ ਮਜ਼ਦੂਰ ਨਹੀਂ ਹੋਣਗੇ ਤਾਂ ਸੀਜ਼ਨ ਦੌਰਾਨ ਅਮਰੀਕਾ ਦੇ ਖੇਤ ਮਾਲਕਾਂ ਨੂੰ ਫਸਲਾਂ ਦੀ ਬਿਜਾਈ ਕਟਾਈ ਲਈ ਲੋੜੀਂਦੇ ਮਜ਼ਦੂਰ ਨਹੀਂ ਮਿਲਣਗੇ। ਪਰਵਾਸ ਦੇ ਆਲੋਚਕਾਂ ਵੱਲੋਂ ਅਕਸਰ ਦਿੱਤੀ ਜਾਣ ਵਾਲੀ ਇੱਕ ਦਲੀਲ ਇਹ ਕਿ ਘੱਟ ਉਜਰਤ ਉੱਤੇ ਕੰਮ ਲਈ ਤਿਆਰ ਵਿਦੇਸ਼ੀ ਕਾਮਿਆਂ ਦੇ ਆਉਣ ਨਾਲ ਮੂਲ ਵਸੋਂ ਲਈ ਦਿਹਾੜੀ ਭੱਤੇ ਸੁੰਗੜ ਜਾਂਦੇ ਹਨ।ਪਰ ਪਰਵਾਸ ਦੇ ਅਸਰ ਬਾਰੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਡੇਵਿਸ ਵੱਲੋਂ ਕੀਤੇ ਗਏ 27 ਅਧਿਐਨਾਂ ਦੇ ਮੈਟਾ-ਆਨੈਲਿਸਸ ਮੁਤਾਬਕ ਪਰਵਾਸੀ ਕਾਮਿਆਂ ਦਾ ਮੂਲ ਨਿਵਾਸੀਆਂ ਦੇ ਭੱਤਿਆਂ ਉੱਤੇ ਪੈਣ ਵਾਲਾ ਅਸਰ ਲਗਭਗ ਸਿਫ਼ਰ ਸੀ।ਈਸਟਰਨ ਇਲਿਨੌਇਸ ਯੂਨੀਵਰਸਿਟੀ ਦੇ ਤਾਜ਼ਾ ਅਧਿਐਨ ਵਿੱਚ ਵਿੱਚ ਪਰਵਾਸੀਆਂ ਦੀ ਜਨ ਸੰਖਿਆ ਵਿੱਚ ਵਾਧੇ ਦਾ ਸਗੋਂ ਹਾਂ- ਮੁਖੀ ਪਰੰਤੂ ਅੰਕੜਾ ਵਿਗਿਆਨਕ ਤੌਰ ਉੱਤੇ ਗੈਰ-ਸਾਰਥਕ ਅਸਰ ਦੇਖਿਆ ਗਿਆ ।

**ਟੈਕਸ ਇਕੱਠਾ ਕਰਨ ਉੱਤੇ ਕੀ ਅਸਰ ਪਵੇਗਾ**

ਏਆਈਸੀ ਦੇ ਵਿਸ਼ਲੇਸ਼ਣ ਮੁਤਾਬਕ ਪਰਵਾਸੀ ਪਰਿਵਾਰਾਂ ਨੇ ਸਾਲ 2022 ਵਿੱਚ ਇਕੱਠੇ ਕੀਤੇ ਗਏ ਕੁੱਲ ਟੈਕਸ ਵਿੱਚ ਛੇਵੇਂ ਹਿੱਸੇ ਦਾ ਯੋਗਦਾਨ ਪਾਇਆ। ਲਗਭਗ 580 ਬਿਲੀਅਨ ਅਮਰੀਕੀ ਡਾਲਰ।ਵੂ ਦਾ ਕਹਿਣਾ ਹੈ ਕਿ ਟੈਕਸ ਵਿੱਚ ਯੋਗਦਾਨ ਸਿਰਫ਼ ਕਾਨੂੰਨੀ ਤੌਰ ਉੱਤੇ ਅਮਰੀਕਾ ਆਏ ਪਰਵਾਸੀ ਹੀ ਯੋਗਦਾਨ ਨਹੀਂ ਦਿੰਦੇ।ਪਿਊ ਰਿਸਰਚ ਸੈਂਟਰ ਦੇ ਵਿਸ਼ਲੇਸ਼ਣ ਮੁਤਾਬਕ ਕਰੀਬ 11 ਮਿਲੀਅਨ ਦੀ ਸੰਖਿਆ ਦੇ ਨਾਲ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀ ਕੁੱਲ ਪਰਵਾਸੀ ਵਸੋਂ ਦੇ 23% ਹਨ। ਇਨ੍ਹਾਂ ਵਿੱਚੋਂ ਕਰੀਬ 11 ਮਿਲੀਅਨ ਮੈਕਸੀਕੋ ਤੋਂ ਹਨ।ਇਸੇ ਤਰ੍ਹਾਂ ਇੰਸਟੀਚਿਊਟ ਆਫ਼ ਟੈਕਸੇਸ਼ਨ ਅਤੇ ਇਕਨਾਮਿਕ ਪੌਲਿਸੀ ਦੇ ਇੱਕ ਅਧਿਐਨ ਮੁਤਾਬਕ ਬਿਨਾਂ ਦਸਤਾਵੇਜ਼ਾਂ ਵਾਲੇ ਪਰਵਾਸੀਆਂ ਨੇ ਸਾਲ 2022 ਵਿੱਚ ਕਰੀਬ 100 ਬਿਲੀਅਨ ਡਾਲਰ ਦੇ ਸੰਘੀ, ਸੂਬਾਈ ਅਤੇ ਸਥਾਨਕ ਟੈਕਸ ਭਰੇ ਸਨ।ਹਾਲਾਂਕਿ ਇਕਨਾਮਿਕ ਪੁਲਿਸ ਇੰਸਟੀਚਿਊਟ ਦੇ ਇਮੀਗ੍ਰੇਸ਼ਨ ਲਾਅ ਅਤੇ ਪੌਲਿਸੀ ਰਿਸਰਚ ਦੇ ਨਿਰਦੇਸ਼ਕ ਡੇਨੀਅਲ ਕੋਸਟਾ ਦਾ ਕਹਿਣਾ ਹੈ ਕਿ ਭਾਵੇਂ ਪਰਵਾਸ ਦਾ ਦੇਸ ਵਿਆਪੀ ਪ੍ਰਭਾਵ ਹਾਂ-ਪੱਖੀ ਹੀ ਹੋਵੇ ਲੇਕਿਨ ਕੁਝ ਸੂਬਿਆਂ ਵਿੱਚ ਇਹ ਭਾਵੇਂ ਥੋੜ੍ਹੇ ਸਮੇਂ ਲਈ ਹੀ ਸਹੀ ਪਰ ਨਕਾਰਤਾਮਿਕ ਹੈ।ਇੱਕ ਤਾਜ਼ਾਂ ਅਧਿਐਨ ਵਿੱਚ ਉਨ੍ਹਾਂ ਨੇ ਅਤੇ ਟੀਮ ਨੇ ਮਿਸਾਲ ਦਿੱਤੀ ਹੈ ਕਿ ਵੱਡੀ ਸੰਖਿਆ ਵਿੱਚ ਆਏ ਪਰਵਾਸੀ ਭਾਵੇਂ ਘੱਟ ਉਜਰਤ ਹਾਸਲ ਕਰਦੇ ਹਨ ਲੇਕਿਨ ਉਹ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ ਵਿੱਤੀ ਲਾਭਾਂ ਦੇ ਯੋਗ ਹੋ ਜਾਂਦੇ ਹਨ।ਇਸ ਕਾਰਨ ਉਨ੍ਹਾਂ ਦੀ ਟੀਮ ਸੰਘੀ ਅਤੇ ਸੂਬਾਈ ਪੱਧਰ ਉੱਤੇ ਫੰਡਾਂ ਦੀ ਮੁੜ ਵੰਡ ਦਾ ਸੁਝਾਅ ਦਿੰਦੇ ਹਨ। ਉਹ ਕਹਿੰਦੇ ਹਨ ਕਿ ਜਿਹੜੇ ਖੇਤਰਾਂ ਵਿੱਚ ਪਰਵਾਸ ਜ਼ਿਆਦਾ ਹੁੰਦਾ ਹੈ ਉਨ੍ਹਾਂ ਇਲਾਕਿਆਂ ਨੂੰ ਜ਼ਿਆਦਾ ਪੈਸਾ ਮਿਲਣਾ ਚਾਹੀਦਾ ਹੈ ਤਾਂ ਜੋ ਉਹ ਇਸ ਤੋਂ ਪੈਦਾ ਹੋਣ ਵਾਲੀ ਕਿਸੇ ਵੀ ਚੁਣੌਤੀ ਦਾ ਮੁਕਾਬਲਾ ਕਰ ਸਕਣ।ਪ੍ਰੋਫ਼ੈਸਰ ਜਿਓਵਨਾਨੀ ਪੈਰੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਤੋਂ ਇੱਕ ਉੱਘੇ ਇਮੀਗ੍ਰੇਸ਼ਨ ਮਾਹਰ ਹਨ ਅਤੇ ਅਰਥ ਸ਼ਾਸਤਰੀ ਹਨ।ਉਹ ਕਹਿੰਦੇ ਹਨ ਕਿ ਪਰਵਾਸੀਆਂ ਕਾਰਨ ਸਮੁਦਾਇਆਂ ਉੱਤੇ ਪੈਣ ਵਾਲਾ ਦਬਾਅ ਅਮਰੀਕਾ ਵਿੱਚ ਪੈਦਾ ਹੋਣ ਵਾਲਿਆਂ ਦੀ ਸੰਖਿਆ ਵੱਧਣ ਨਾਲ ਪੈਣ ਵਾਲੇ ਦਬਾਅ ਵਰਗਾ ਹੀ ਹੋ ਸਕਦਾ ਹੈ।ਉਹ ਕਹਿੰਦੇ ਹਨ, ਜੇ ਉਸਾਰੀ ਇਸ ਮੁਤਾਬਤ ਢਲਦੀ ਨਹੀਂ ਹੈ ਤਾਂ ਇਹ ਸੇਵਾਵਾਂ ਅਤੇ ਰਿਹਾਇਸ਼ ਉੱਤੇ ਵੀ ਦਬਾਅ ਬਣਾਏਗੀ।ਪਰਵਾਸੀਆਂ ਨੂੰ ਅਲਹਿਦਾ ਕਰਕੇ ਦਿਖਾਉਣਾ ਬਸ ਸੌਖਾ ਹੈ।

**ਕਿੰਨੇ ਫੀਸਦ ਪਰਵਾਸੀ ਵੱਡੀਆਂ ਕੰਪਨੀਆਂ ਦੇ ਮੋਢੀ**

ਅਮਰੀਕਾ ਵਿੱਚ ਪਰਵਾਸੀਆਂ ਦੀ ਜਨ ਸੰਖਿਆ ਦੇ ਵੱਡੇ ਹਿੱਸੇ ਜਾਂ ਉਨ੍ਹਾਂ ਦੀਆਂ ਸੰਤਾਨਾਂ ਇੱਥੋਂ ਦੀਆਂ ਮੋਹਰੀ ਉੱਦਮੀ ਬਣ ਗਈਆਂ ਹਨ।ਰੈਵਨਿਊ ਦੇ ਹਿਸਾਬ ਨਾਲ ਅਮਰੀਕਾ ਦੀਆਂ 500 ਵੱਡੀਆਂ ਕੰਪਨੀਆਂ ਦੀ ਹਰ ਸਾਲ ਜਾਰੀ ਕੀਤੀ ਜਾਣ ਵਾਲੀ ਸੂਚੀ- ਫਾਰਚੂਨ 500 ਦੀ ਸੂਚੀ ਵਿੱਚੋਂ 45% ਦੇ ਮੋਢੀ ਪਰਵਾਸੀ ਜਾਂ ਉਨ੍ਹਾਂ ਦੀਆਂ ਸੰਤਾਨਾਂ ਸਨ। ਪਰਵਾਸੀਆਂ ਨੇ ਅਮਰੀਕਾ ਦੇ ਸਟਾਰਟ-ਅੱਪਸ ਵਿੱਚੋਂ ਇੱਕ ਬਿਲੀਅਨ ਦੇ 55% ਨਵੇਂ ਕਾਰੋਬਾਰ ਸ਼ੁਰੂ ਕੀਤੇ ਹਨ।ਅਮਰੀਕਾ ਵਿੱਚ ਵਿਦਿਆਰਥੀਆਂ ਵਜੋਂ ਆਉਣ ਵਾਲੇ ਪਰਵਾਸੀਆਂ ਵਿੱਚੋਂ ਕਈਆਂ ਨੇ ਵਿਸ਼ਵ ਪੱਧਰ ਉੱਤੇ ਵੀ ਤਕਨੀਕੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਈ ਹੈ।ਐਸੋਸੀਏਸ਼ਨ ਆਫ਼ ਇੰਟਰਨੈਸ਼ਨਲ ਐਜੂਕੇਟਰਜ਼ ਮੁਤਾਬਕ ਸਾਲ 2022-2023 ਦੇ ਅਕਾਦਮਿਕ ਸਾਲ ਦੌਰਾਨ 10 ਲੱਖ ਤੋਂ ਜ਼ਿਆਦਾ ਕੌਮਾਂਤਰੀ ਵਿਦਿਆਰਥੀ ਅਮਰਕੀ ਆਏ ਜਿਨ੍ਹਾਂ ਨੇ ਦੇਸ ਦੀ ਆਰਥਿਕਤਾ ਵਿੱਚ 40 ਬਿਲੀਅਨ ਅਮਰੀਕੀ ਡਾਲਰ ਤੋਂ ਜ਼ਿਆਦਾ ਦਾ ਯੋਗਦਾਨ ਦਿੱਤਾ ਅਤੇ ਟਿਊਸ਼ਨ ਅਤੇ ਰਹਿਣ-ਸਹਿਣ ਦੇ ਖ਼ਰਚੇ ਰਾਹੀਂ 368,000 ਨੌਕਰੀਆਂ ਪੈਦਾ ਕੀਤੀਆਂ।

# ਕੰਪਿਊਟਰ ਦੇ ਕਚਰੇ ਵਿੱਚੋਂ ਸੋਨਾ ਕਿਵੇਂ ਕੱਢਦੇ ਹਨ ਕਰਾਚੀ ਦੇ ਕਾਰੀਗਰ

ਤੇਜ਼ਾਬ ਨਾਲ ਫੁਕੇ ਹੱਥਾਂ ਵਾਲੇ ਚਾਚਾ ਸਿਰਾਜ ਨੂੰ ਕਚਰੇ ਵਿੱਚੋਂ 'ਸ਼ੁੱਧ ਸੋਨਾ' ਬਣਾਉਣਾ ਸਿਖਾ ਰਹੇ ਸਨ। ਇਹ ਕਰਾਚੀ ਵਿੱਚ ਸ਼ੇਰਸ਼ਾਹ ਕਬਾੜੀ ਮਾਰਕਿਟ ਦਾ ਇਲਾਕਾ ਹੈ ਜਿੱਥੇ ਖ਼ੈਬਰ ਪਖ਼ੂਤਨਖਵਾ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਸਿਰਾਜ ਵੱਡੇ-ਵੱਡੇ ਸੁਫ਼ਨੇ ਲੈ ਕੇ ਆਇਆ ਸੀ।ਸਿਰਾਜ ਆਪਣੇ ਪਿੰਡ ਤੋਂ ਇਹ ਤੈਅ ਕਰਕੇ ਨਿਕਲਿਆ ਸੀ ਕਿ ਕਰਾਚੀ ਪਹੁੰਚ ਕੇ ਜੋ ਵੀ ਕੰਮ ਸਿੱਖੇਗਾ, ਉਸ ਵਿੱਚ ਮੁਹਾਰਤ ਹਾਸਲ ਕਰਕੇ ਹੀ ਵਾਪਸ ਪਰਤੇਗਾ ਅਤੇ ਦੋਸਤਾਂ ਨੂੰ ਵੀ ਉਹੀ ਕੰਮ ਸਿਖਾਏਗਾ।ਕਰੋੜਾਂ ਦੀ ਭੀੜ ਵਾਲੇ ਸ਼ਹਿਰ ਵਿੱਚ ਖ਼ਰਖੇਲ ਦੇ ਸਿਰਾਜ ਨੂੰ ਇੱਕ ਵੱਖਰਾ ਕੰਮ ਮਿਲ ਵੀ ਗਿਆ, ਜਿਸ ਬਾਰੇ ਉਸ ਨੇ ਪਹਿਲੀ ਵਾਰ ਬਚਪਨ ਵਿੱਚ ਸੁਣਿਆ ਸੀ। ਇੱਕ ਜ਼ਮਾਨੇ ਵਿੱਚ ਕਰਾਚੀ ਦੇ ਨੇਪਾ ਫਲਾਈਓਵਰ ਤੋਂ ਗੁਜ਼ਰਦੇ ਹੋਏ ਥੱਲੇ ਖੱਬੇ ਹੱਥ ਇੱਕ ਵੱਡਾ ਮੈਦਾਨ ਨਜ਼ਰ ਆਉਂਦਾ ਸੀ।ਇਸ ਤੋਂ ਠੀਕ ਵਿਚਕਾਰ ਸੋਨੇ ਅਤੇ ਚਾਂਦੀ ਦੇ ਰੰਗਾਂ ਦੇ ਡੱਬਿਆਂ ਵਰਗੇ ਇਮਾਰਤੀ ਢਾਂਚੇ ਬਣੇ ਹੋਏ ਸਨ। ਇਨ੍ਹਾਂ ਉੱਤੇ ਵੱਡੇ-ਵੱਡੇ ਬੈਨਰ ਲੱਗੇ ਸਨ, ਜਿਨ੍ਹਾਂ ਉੱਤੇ ਲਿਖਿਆ ਸੀ, ਕਚਰਾ ਦਿਓ ਸੋਨਾ ਲਓ। ਇਹ ਨਾਅਰਾ ਗੁਲ ਬਹਾਵ ਟਰੱਸਟ ਨਾਮ ਦੀ ਇੱਕ ਗੈਰ ਸਰਕਾਰੀ ਸੰਸਥਾ ਨੇ ਲਾਇਆ ਸੀ ਜੋ ਉਸ ਜ਼ਮਾਨੇ ਵਿੱਚ ਆਪਣੇ ਨਵੇਕਲ਼ੇਪਣ ਕਰਕੇ ਬਹੁਤ ਮਸ਼ਹੂਰ ਹੋਇਆ ਸੀ।ਕਚਰੇ ਤੋਂ ਮਤਲਬ ਸੀ ਹਰ ਦਿਨ ਘਰਾਂ ਵਿੱਚ ਜਮ੍ਹਾਂ ਹੋਣ ਵਾਲਾ ਕੂੜਾ-ਕਰਕਟ ਅਤੇ ਕਾਰਖ਼ਾਨਿਆਂ ਦੇ ਵੇਸਟ ਅਤੇ ਸੋਨੇ ਤੋਂ ਮਤਲਬ ਸੀ ਨਿਰਮਾਣ ਢਾਂਚੇ ਜੋ ਗੁਲ ਬਹਾਵ ਉਸ ਕਚਰੇ ਦੀ ਮਦਦ ਨਾਲ ਬਣਾ ਕੇ ਦੇ ਰਿਹਾ ਸੀ।ਉਸ ਜ਼ਮਾਨੇ ਵਿੱਚ ਸਿਰਾਜ ਪਹਿਲੀ ਵਾਰ ਕਰਾਚੀ ਆਇਆ ਸੀ ਅਤੇ ਸਿਰਫ਼ ਅੱਠ ਸਾਲ ਦਾ ਸੀ।ਉਦੋਂ ਉਸ ਨੇ ਇੱਕ ਦਿਨ ਪਹਿਲਵਾਨ ਗੋਠ ਜਾਂਦੇ ਹੋਏ ਇੱਕ ਗੁਲਿਸਤਾਨ ਕੋਚ ਦੀ ਖਿੜਕੀ ਵਿੱਚੋਂ ਇਹ ਬੈਨਰ ਪੜ੍ਹਿਆ ਸੀ ਅਤੇ ਬਹੁਤ ਹੈਰਾਨ ਹੋਇਆ ਸੀ ਕਿ ਆਖ਼ਰ ਕਚਰਾ ਦੇਣ ਨਾਲ ਸੋਨਾ ਕਿਵੇਂ ਮਿਲ ਸਕਦਾ ਹੈ।ਉਸ ਸਮੇਂ ਤਾਂ ਸਿਰਾਜ ਪਿੰਡ ਵਾਪਸ ਆ ਗਿਆ ਲੇਕਿਨ ਕੁਝ ਸਾਲ ਬਾਅਦ ਉਸਦੀ ਆਪਣੇ ਚਚੇਰੇ ਭਰਾ ਸ਼ਾਹਿਦ ਨਾਲ ਫੋਨ ਉੱਤੇ ਗੱਲ ਹੋਈ, ਜਿਸ ਨੇ ਦੱਸਿਆ ਕਿ ਉਹ ਕਰਾਚੀ ਵਿੱਚ ਕਚਰੇ ਤੋਂ ਸੋਨਾ ਬਣਾਉਂਦਾ ਹੈ।ਸਿਰਾਜ ਇਹ ਗੱਲ ਸੁਣਕੇ ਉਛਲ ਪਿਆ। ਕਚਰਾ ਦਿਓ ਸੋਨਾ ਲਓ ਦਾ ਬੈਨਰ ਉਸਦੀਆਂ ਅੱਖਾਂ ਦੇ ਸਾਹਮਣੇ ਘੁੰਮਣ ਲੱਗਿਆ। ਕੁਝ ਹੀ ਦਿਨਾਂ ਬਾਅਦ ਉਹ ਆਪਣੇ ਚਾਚਾ ਅਲੀ ਗੁਲ ਦੇ ਘਰ ਕਰਾਚੀ ਵਿੱਚ ਸੀ।ਸਿੱਧੇ-ਸਾਧੇ ਮਸੂਮ ਸਿਰਾਜ ਦੇ ਦਿਲ ਵਿੱਚ ਇਹ ਖਿਆਲ ਸੀ ਕਿ ਉਹ ਕਚਰਾ ਜਮ੍ਹਾਂ ਕਰੇਗਾ, ਢੇਰ ਸਾਰਾ ਕਚਰਾ ਅਤੇ ਬਦਲੇ ਵਿੱਚ ਸੋਨੇ ਦੀ ਇੱਟ ਲਵੇਗਾ। ਉਸ ਨੂੰ ਤੋੜ ਕੇ ਪਿੰਡ ਵਾਲਿਆਂ ਵਿੱਚ ਬਰਾਬਰ ਵੰਡ ਦੇਵੇਗਾ। ਲੇਕਿਨ ਇਹ ਮਸਲਾ ਇੰਨਾ ਸਿੱਧਾ ਨਹੀਂ ਸੀ।



**ਕੰਪਿਊਟਰ ਵਿੱਚੋਂ ਸੋਨਾ ਕਿਵੇਂ ਨਿਕਲਦਾ ਹੈ**

ਜਿਸ ਗੋਦਾਮ ਵਿੱਚ ਸਿਰਾਜ ਨੂੰ ਕੰਮ ਮਿਲਿਆ ਉੱਥੇ ਇੱਕ ਉਸਤਾਦ, ਜਿਨ੍ਹਾਂ ਨੂੰ ਉਹ ਸਿਰਫ਼ ਚਾਚਾ ਦੇ ਨਾਮ ਨਾਲ ਪੁਕਾਰਦਾ ਹੈ, ਇਸ ਕੰਮ ਦੇ ਮਾਹਰ ਹਨ।

ਉਹ ਕੰਪਿਊਟਰ ਦੇ ਪੁਰਾਣੇ ਮਦਰ ਬੋਰਡ ਚੁੱਕਦੇ ਹਨ ਅਤੇ ਤੇਜ਼ ਅੱਗ ਨਾਲ ਗਰਮ ਕਰਕੇ ਉਨ੍ਹਾਂ ਉੱਤੇ ਚਿਪਕੀਆਂ ਹੋਈਆਂ ਤਾਰਾਂ, ਪਿੰਨ ਅਤੇ ਪੁਰਜ਼ੇ ਨਰਮ ਕਰਕੇ ਪਲਾਸ ਨਾਲ ਖਿੱਚ ਕੇ ਵੱਖ ਕਰ ਦਿੰਦੇ ਹਨ।ਇਹ ਕੰਮ ਕਿੰਨਾ ਤਕਲੀਫ਼ ਦੇਣ ਵਾਲਾ ਸੀ ਇਸਦਾ ਅੰਦਾਜ਼ਾ ਚਾਚਾ ਦੇ ਹੱਥ ਦੇਖ ਕੇ ਹੋ ਰਿਹਾ ਸੀ, ਜਿਨ੍ਹਾਂ ਉੱਤੇ ਥਾਂ-ਥਾਂ ਸੜਨ ਦੇ ਨਿਸ਼ਾਨ ਸਨ।ਦੋ ਘੰਟਿਆਂ ਵਿੱਚ ਚਾਚਾ ਨੇ ਲਗਭਗ ਡੇਢ ਸੌ ਮਦਰ ਬੋਰਡ ਸਾੜ ਕੇ ਅਤੇ ਖੁਰਚ ਕੇ ਬਿਲਕੁਲ ਸਾਫ਼ ਕਰ ਦਿੱਤੇ ਅਤੇ ਉਨ੍ਹਾਂ ਦੇ ਇੱਕ ਪਾਸੇ ਪੱਟੀਆਂ ਹੋਈਆਂ ਪਿੰਨਾਂ, ਆਈਸੀ, ਟ੍ਰਾਂਜ਼ਿਸਟਰ ਅਤੇ ਚਿੱਪਾਂ ਦਾ ਢੇਰ ਇਕੱਠਾ ਹੋ ਗਿਆ ਸੀ।ਚਾਚਾ ਨੇ ਫਿਰ ਉਸ ਢੇਰ ਦੀ ਛਾਂਟੀ ਸ਼ੁਰੂ ਕਰ ਦਿੱਤੀ। ਹਰ ਪਿੰਨ ਅਤੇ ਪੁਰਜ਼ਾ ਜਿਸ ਉੱਤੇ ਸੁਨਹਿਰੀ ਰੰਗ ਸੀ, ਚਾਚਾ ਉਸ ਨੂੰ ਵੱਖ ਕਰ ਰਹੇ ਸਨ।ਕੁਝ ਪੁਰਜ਼ਿਆਂ ਵਿੱਚੋਂ ਉਨ੍ਹਾਂ ਨੂੰ ਸੁਨਹਿਰੀ ਰੰਗ ਦੇ ਵਾਲ ਵਰਗੇ ਬਰੀਕ ਤਾਰ ਵੀ ਵੱਖਰੇ ਕਰਨੇ ਪਏ। ਇਸ ਤਰ੍ਹਾਂ ਹੁੰਦੇ-ਹੁੰਦੇ ਇਨ੍ਹਾਂ ਸੁਨਹਿਰੀ ਤਾਰਾਂ ਅਤੇ ਬਰੀਕ ਪੱਟੀਆਂ ਦੀ ਢੇਰੀ ਜਿਹੀ ਬਣ ਗਈ।ਇੰਨੇ ਵਿੱਚ ਸ਼ਾਹਿਦ ਕੱਪੜੇ ਨਾਲ ਢਕਿਆ ਇੱਕ ਬਿਜਲੀ ਵਾਲਾ ਕੰਡਾ ਲੈ ਆਇਆ। ਤੋਲਣ ਉੱਤੇ ਇਸਦਾ ਭਾਰ ਚਾਰ ਕਿੱਲੋ ਤੋਂ ਜ਼ਿਆਦਾ ਨਿਕਲਿਆ।ਹੁਣ ਵਾਰੀ ਸੀ ਚੁੱਲ੍ਹਿਆਂ ਵਿੱਚ ਅੱਗ ਮਚਾਉਣ ਦੀ। ਚਾਚਾ ਦੇ ਕਹਿਣ ਉੱਤੇ ਸਿਰਾਜ ਅਤੇ ਸ਼ਾਹਿਦ ਦੋਵੇਂ ਲੱਕੜ ਦੇ ਮੋਟੇ-ਮੋਟੇ ਗੁਟਕੇ ਚੁੱਕ ਕੇ ਲਿਆਏ।ਲੱਕੜ ਦੇ ਇਹ ਗੁਟਕੇ ਚੁੱਲ੍ਹਿਆਂ ਦੇ ਆਲੇ-ਦੁਆਲੇ ਰੱਖ ਦਿੱਤੇ ਗਏ। ਅੱਗ ਨੂੰ ਹਵਾ ਦੇਣ ਦੇ ਲਈ ਪ੍ਰੈਸ਼ਰ ਫੈਨ ਚਲਾਇਆ ਗਿਆ ਤਾਂ ਲੱਕੜਾਂ ਪਲਾਂ ਵਿੱਚ ਹੀ ਦਹਿਕਣ ਲੱਗ ਪਈਆਂ।ਇੰਨੇ ਵਿੱਚ ਚਾਚਾ ਨੇ ਅਵਾਜ਼ ਲਾਈ, 'ਹਟੋ ਬੇਟਾ'। ਸ਼ਾਹਿਦ ਦੇ ਚਾਚਾ ਦੇ ਹੱਥ ਵਿੱਚ ਸਿੱਕਾ ਨਾਮ ਦੀ ਧਾਤੂ ਸੀ ਜੋ ਉਨ੍ਹਾਂ ਨੇ ਗਰਮ ਅੱਡਿਆਂ ਵਿੱਚ ਉਲਟਣੀ ਸ਼ੁਰੂ ਕਰ ਦਿੱਤੀ।ਚੁੱਲ੍ਹੇ ਇੰਨੇ ਗਰਮ ਹੋ ਚੁੱਕੇ ਸਨ ਕਿ ਸਿੱਕਾ ਚੁੱਲ੍ਹਿਆਂ ਵਿੱਚ ਪੈਣ ਸਾਰ ਉਬਲਣ ਲੱਗ ਪਿਆ। ਪੁੱਛਣ ਉੱਤੇ ਸਿਰਫ ਇੰਨਾ ਪਤਾ ਲੱਗਿਆ ਕਿ ਇਹ ਇੱਕ ਕੈਮੀਕਲ ਹੈ, ਜਿਸ ਨੂੰ 'ਸੋਨਾ ਬਣਾਉਣ ਦਾ ਤੇਲ' ਕਹਿੰਦੇ ਹਨ।ਹੁਣ ਇਸ ਉਬਲਦੇ ਹੋਏ ਤਰਲ ਪਦਾਰਥ ਵਿੱਚ ਚਾਚਾ ਨੇ ਸਾਰੇ ਦਿਨ ਦੀ ਮਿਹਨਤ ਨਾਲ ਜਮ੍ਹਾਂ ਕੀਤਾ ਸਾਰਾ ਸੁਨਹਿਰੀ ਕਚਰਾ ਪਾ ਦਿੱਤਾ।ਲਗਭਗ ਅੱਧੇ ਘੰਟੇ ਤੱਕ ਇਹ ਲਾਲ ਲਾਵਾ ਦਹਿਕਦਾ ਰਿਹਾ। ਇਸ ਦੌਰਾਨ ਇੱਕ ਅਜੀਬ ਜਿਹੀ ਮਹਿਕ ਉੱਠੀ। ਅੱਡਿਆਂ ਜਾਣੀ ਚੁੱਲ੍ਹਿਆਂ ਤੋਂ ਉੱਠ ਰਿਹਾ ਧੂਆਂ ਲਗਾਤਾਰ ਰੰਗ ਬਦਲਦਾ ਰਿਹਾ।ਚਾਚਾ ਨੇ ਇੱਕ ਅੱਡੇ ਵਿੱਚ ਚਿਮਟਾ ਪਾਕੇ ਜੋ ਫੜਿਆ ਤਾਂ ਸੁਨਹਿਰੀ ਕਚਰਾ ਚੁੱਲ੍ਹੇ ਦੀ ਸਤਹਿ ਦੀ ਸ਼ਕਲ ਵਿੱਚ ਢਲ ਕੇ ਇੱਕ ਪਲੇਟ ਵਰਗਾ ਬਣ ਚੁੱਕਿਆ ਸੀ, ਜਿਸ ਉੱਤੇ ਸੁਆਹ ਲੱਗੀ ਹੋਈ ਸੀ।ਇਸ ਦਹਿਕਦੀ ਪਲੇਟ ਨੂੰ ਚਾਚਾ ਨੇ ਜਿਵੇਂ ਹੀ ਕੋਲ ਪਏ ਪਾਣੀ ਦੇ ਭਾਂਡੇ ਵਿੱਚ ਭਿਉਂਇਆ ਤਾਂ ਸ਼ਰਰਰ...ਸ਼ਰਰਰ ਦੀ ਅਵਾਜ਼ ਦੇ ਨਾਲ ਬਹੁਤ ਸਾਰੀ ਭਾਫ ਉੱਠਣ ਲੱਗੀ। ਅਜਿਹਾ ਲੱਗ ਰਿਹਾ ਸੀ ਜਿਵੇ ਗਰਮ ਤੇਲ ਵਿੱਚ ਪਾਣੀ ਮਿਲੇ ਪਿਆਜ਼ ਸੁੱਟ ਦਿੱਤੇ ਗਏ ਹੋਣ।ਵਾਪਸ ਕੱਢਿਆ ਤਾਂ ਪਲੇਟ ਸੁਆਹ ਨਾਲੋਂ ਵੱਖ ਹੋ ਕੇ ਕੁਝ ਸਾਫ਼ ਲੱਗ ਰਹੀ ਸੀ। ਚਾਚਾ ਨੇ ਕਿਹਾ, ਸਿਰਾਜ ਦੇਖੋ ਚੱਕੀ ਤਿਆਰ ਹੋ ਗਈ। ਸ਼ਾਹਿਦ ਇੱਕ ਕਾਲੇ ਰੰਗ ਦੀ ਬੋਤਲ ਵਰਗੀ ਢੋਲੀ ਦੋਵਾਂ ਹੱਥਾਂ ਨਾਲ ਫੜ ਕੇ ਬੜੇ ਧਿਆਨ ਨਾਲ ਨਾਲੀ ਕੋਲ ਲੈ ਆਇਆ ਜੋ ਚੁੱਲ੍ਹਿਆਂ ਤੋਂ ਕੁਝ ਦੂਰ ਪਾਣੀ ਦੀਆਂ ਟੂਟੀਆਂ ਦੇ ਨਾਲ ਹੀ ਬਣੀ ਹੋਈ ਸੀ।ਚਾਚਾ ਨੇ ਚੱਕੀ ਨੂੰ ਸਟੀਲ ਦੀ ਟਰੇ ਵਿੱਚ ਰੱਖਿਆ।

ਪੁੱਛਣ ਉੱਤੇ ਪਤਾ ਲੱਗਿਆ ਕਿ ਚੱਕੀ ਨੂੰ ਤੇਜ਼ਾਬ ਨਾਲ ਸਟੀਲ ਦੀ ਟਰੇ ਵਿੱਚ ਇਸ ਲਈ ਧੋਣਾ ਪਵੇਗਾ ਕਿਉਂਕਿ ਸਟੀਲ ਨੂੰ ਲੂਣ ਤੋਂ ਸਿਵਾ ਹੋਰ ਕੋਈ ਕੈਮੀਕਲ ਨੁਕਸਾਨ ਨਹੀਂ ਕਰਦਾ।

**ਅਸਲੀ ਤੇ ਸ਼ੁੱਧ ਸੋਨਾ**

ਜਿਵੇਂ-ਜਿਵੇਂ ਚੱਕੀ ਉੱਤੇ ਧੂਆਂ ਛੱਡਦਾ ਸ਼ੋਰੇ ਦਾ ਤੇਜ਼ਾਬ (ਨਾਈਟ੍ਰਿਕ ਐਸਿਡ) ਪਿਆ, ਉਹ ਪਿਘਲ ਕੇ ਤਰਲ ਬਣਨ ਲੱਗੀ। ਟਰੇ ਵਿੱਚੋਂ ਉੱਠਦੇ ਧੂਏਂ ਦਾ ਰੰਗ ਵੀ ਬਦਲ ਰਿਹਾ ਸੀ ਅਤੇ ਇਸ ਵਾਰ ਮਹਿਕ ਵੀ ਤੇਜ਼ ਸੀ ਜੋ ਸਿਰਾਜ ਦੀਆਂ ਨਾਸਾਂ ਵਿੱਚ ਮਹਿਸੂਸ ਹੋ ਰਹੀ ਸੀ।ਚਾਚਾ ਨੇ ਕੋਲ ਬੁਲਾ ਕੇ ਦਿਖਾਇਆ ਕਿ ਕਿਵੇਂ ਹੁਣ ਸੋਨੇ ਦੇ ਕਣ ਸਟੀਲ ਦੀ ਟਰੇ ਦੀ ਤਹਿ ਵਿੱਚ ਬੈਠ ਰਹੇ ਸਨ ਅਤੇ ਬਾਕੀ ਧਾਤੂਆਂ ਚੱਕੀ ਦੇ ਉੱਪਰ ਹੀ ਚਿਪਕੀਆਂ ਹੋਈਆਂ ਸਨ। ਇਹ ਪਹਿਲਾ ਮੌਕਾ ਸੀ ਜਦੋਂ ਸਿਰਾਜ ਨੇ ਪਹਿਲੀ ਵਾਰ ਝਿਲਮਿਲ ਕਰਦਾ ਸ਼ੁੱਧ ਸੋਨਾ ਦੇਖਿਆ ਸੀ।ਇਸ ਤੋਂ ਮਗਰਲਾ ਕੰਮ ਸ਼ਾਹਿਦ ਨੇ ਸੰਭਾਲ ਲਿਆ। ਉਸਨੇ ਪਾਣੀ ਦੇ ਜ਼ਰੀਏ ਤਰਲ ਬਣ ਚੁੱਕੇ ਇੱਕ ਹਿੱਸੇ ਨੂੰ ਨਾਲੀ ਵਿੱਚ ਬਹਾ ਦਿੱਤਾ ਅਤੇ ਬਾਕੀ ਟੁਕੜਾ ਇੱਕ ਪਾਸੇ ਰੱਖ ਦਿੱਤਾ। ਉਸ ਟੁਕੜੇ ਵਿੱਚੋਂ ਹੋਰ ਵੀ ਧਾਤਾਂ ਕੱਢੀਆਂ ਜਾਣਗੀਆਂ, ਉਹ ਵੀ ਕੀਮਤੀ ਹੋਣਗੀਆਂ ਪਰ ਸੋਨੇ ਜਿੰਨੀਆਂ ਨਹੀਂ।ਖੈਰ, ਹੁਣ ਟਰੇ ਵਿੱਚ ਸੁਨਹਿਰੇ ਕਣ ਸਾਫ਼ ਨਜ਼ਰ ਆ ਰਹੇ ਸਨ। ਇਸ ਤੋਂ ਬਾਅਦ ਇਨ੍ਹਾਂ ਕਣਾਂ ਨੂੰ ਦੋ-ਤਿੰਨ ਰੰਗ-ਬਿਰੰਗੇ ਰਸਾਇਣਾਂ ਵਿੱਚੋਂ ਧੋਤਾ ਗਿਆ ਲੇਕਿਨ ਬਹੁਤ ਧਿਆਨ ਨਾਲ।ਇਸਦਾ ਧਿਆਨ ਰੱਖਿਆ ਗਿਆ ਕਿ ਕਿਤੇ ਨਾਲੀ ਵਿੱਚ ਵਹਾਉਣ ਦੌਰਾਨ ਇੱਕ ਵੀ ਕਣ ਰਸਾਇਣ ਦੇ ਨਾਲ ਰੁੜ ਨਾ ਜਾਵੇ। ਹਰ ਵਾਰ ਇਹ ਕਣ ਜ਼ਿਆਦਾ ਸੁਨਹਿਰੇ ਤੇ ਚਮਕਦਾਰ ਹੁੰਦੇ ਗਏ।ਇਸ ਤੋਂ ਬਾਅਦ ਚਾਚਾ ਇੱਕ ਛੋਟੀ ਜਿਹੀ ਪਿਆਲੀ ਜਿਹੀ ਲੈ ਕੇ ਆਏ ਜਿਸ ਵਿੱਚ ਸੋਨੇ-ਚਾਂਦੀ ਵਰਗੀਆਂ ਧਾਤਾਂ ਪਿਘਲਾਈਆਂ ਜਾਂਦੀਆਂ ਹਨ। ਇਹ ਪਿਆਲੀ ਜਾਨਵਰਾਂ ਦੇ ਖੁਰਾਂ, ਹੱਡੀਆਂ ਅਤੇ ਰਾਖ ਜਾਂ ਚੀਕਣੀ ਮਿੱਟੀ ਤੋਂ ਬਣਦੀ ਹੈ, ਜੋ ਕਾਫ਼ੀ ਤਾਪਮਾਨ ਉੱਤੇ ਵੀ ਪਿਘਲਦੀ ਨਹੀਂ ਹੈ।ਸ਼ਾਹਿਦ ਤੋਂ ਲੈ ਕੇ ਸੋਨੇ ਦੇ ਕਣ ਧਿਆਨ ਨਾਲ ਪਿਆਲੀ ਵਿੱਚ ਪਾ ਦਿੱਤੇ ਗਏ ਅਤੇ ਲਗਭਗ 20 ਮਿੰਟ ਤੇਜ਼ ਸੇਕ ਉੱਤੇ ਦਹਿਕਾਉਂਦੇ ਰਹੇ।ਇਸ ਦੌਰਾਨ ਉਹ ਵਾਰ ਵਾਰ ਚਿਮਟੀ ਦੀ ਮਦਦ ਨਾਲ ਪਿਆਲੀ ਬਾਹਰ ਕੱਢਦੇ ਅਤੇ ਉਸ ਉੱਤੇ ਲੂਣ ਪਾਉਂਦੇ ਤਾਂ ਜੋ ਸੋਨੇ ਦੇ ਕਣ ਇਸ ਨਾਲ ਚਿਪਕ ਨਾ ਜਾਣ।ਅੱਗ ਬਹੁਤ ਤੇਜ਼ ਹੋ ਚੁੱਕੀ ਸੀ। ਕੁਝ ਹੋਰ ਮਿੰਟਾਂ ਮਗਰੋਂ ਦਹਿਕਦੇ ਸ਼ੋਅਲਿਆਂ ਦੇ ਵਿੱਚ ਗਾਇਬ ਹੋ ਜਾਣ ਵਾਲੀ ਪਿਆਲੀ ਨੂੰ ਚਾਚਾ ਨੇ ਚਿਮਟੀ ਨਾਲ ਚੁੱਕ ਕੇ ਬਾਹਰ ਕੱਢ ਲਿਆ ਅਤੇ ਇੱਕ ਗਮਲੇ ਵਰਗੇ ਬਰਤਨ ਵਿੱਚ ਪਲਟ ਦਿੱਤਾ।ਇੱਕ ਚਮਕਦਾ-ਦਮਕਦਾ ਆਂਡੇ ਵਰਗਾ ਟੁਕੜਾ ਭਾਂਡੇ ਵਿੱਚ ਡਿੱਗਿਆ ਜੋ ਦਹਿਕ ਰਿਹਾ ਸੀ। ਚਾਚ ਨੇ ਇਹ ਟੁਕੜਾ ਉਸੇ ਚਿਮਟੀ ਨਾਲ ਪਾਣੀ ਦੇ ਡੌਂਗੇ ਵਿੱਚ ਪਾ ਕੇ ਠੰਢਾ ਕਰ ਦਿੱਤਾ।ਇਹ ਸੀ ਅਸਲੀ ...ਸ਼ੁੱਧ ਸੋਨਾ ਜੋ ਕਚਰੇ ਵਿੱਚੋਂ ਨਿਕਲਿਆ ਸੀ। ਸਿਰਾਜ ਦੀਆਂ ਅੱਖਾਂ ਸਾਹਮਣੇ ਨਿਕਲਿਆ ਸੀ। ਸਿਰਾਜ ਨੂੰ ਇਹ ਕੰਮ ਵਧੀਆ ਲੱਗਿਆ।ਉਹ ਚਾਚਾ ਦੇ ਨਾਲ ਹਰ ਰੋਜ਼ ਗੋਦਾਮ ਆ ਕੇ ਇਹ ਕੰਮ ਕਰਨਾ ਚਾਹੁੰਦਾ ਹੈ ਪਰ ਜਾਣਦਾ ਹੈ ਕਿ ਇਹ ਕੰਮ ਪਿੰਡ ਵਿੱਚ ਨਹੀਂ ਹੋ ਸਕਦਾ। ਪਿੰਡ ਵਿੱਚ ਸਭ ਕੁਝ ਹੈ ਪਰ ਮਦਰ ਬੋਰਡ ਨਹੀਂ ਹੈ। ਸੋਨਾ ਬਣਾਉਣ ਵਾਲਾ ਕਚਰਾ ਨਹੀਂ ਹੈ।ਕਰਾਚੀ ਵਿੱਚ ਈ-ਵੇਸਟ ਤੋਂ ਸੋਨਾ ਕੱਢਣ ਵਾਲੇ ਲੋਕਾਂ ਦਾ ਸੁਨਿਆਰਿਆਂ ਨਾਲ ਮਜ਼ਬੂਤ ਨੈਟਵਰਕ ਹੈ।ਸੁਨਿਆਰ ਇਨ੍ਹਾਂ ਫੈਕਟਰੀਆਂ ਵਿੱਚੋਂ ਨਿਕਲੇ ਸੋਨੇ ਦਾ ਆਂਕਲਨ ਕਰਦੇ ਹਨ ਕਿ ਇਹ ਕਿੰਨੇ ਕੈਰਟ ਦਾ ਹੈ। ਇਸ ਤੋਂ ਬਾਅਦ ਉਸ ਦਿਨ ਦੇ ਸੋਨੇ ਦੇ ਰੇਟ ਦੇ ਹਿਸਾਬ ਨਾਲ ਸੌਦਾ ਹੋ ਜਾਂਦਾ ਹੈ।ਇਸ ਸੌਦੇ ਤੋਂ ਮਿਲਣ ਵਾਲੀ ਰਕਮ ਵਿੱਚੋਂ ਮਾਲਕ ਆਪਣਾ ਹਿੱਸਾ ਰੱਖ ਕੇ ਬਾਕੀ ਮਜ਼ਦੂਰਾਂ ਵਿੱਚ ਦਿਹਾੜੀ ਦੇ ਹਿਸਾਬ ਨਾਲ ਵੰਡ ਦਿੰਦੇ ਹਨ। ਜਦਕਿ ਇੱਕ ਹਿੱਸਾ ਕੱਚਾ ਮਾਲ, ਰਸਾਇਣ ਅਤੇ ਲੱਕੜ ਖ਼ਰੀਦਣ ਦੇ ਲਈ ਵੱਖਰਾ ਰੱਖ ਦਿੱਤਾ ਜਾਂਦਾ ਹੈ।

**ਮਦਰ ਬੋਰਡ ਕਿੱਥੋਂ ਆਉਂਦੇ ਹਨ ?**

ਪਾਕਿਸਤਾਨ ਵਿੱਚ ਹਰ ਸਾਲ ਔਸਤ 954 ਕਿੱਲੋ ਟਨ ਈ-ਵੇਸਟ ਦੀ ਆਮਦ ਹੁੰਦੀ ਹੈ। ਜਦਕਿ 433 ਕਿੱਲੋ ਟਨ ਈ-ਵੇਸਟ ਦੇਸ ਦੇ ਅੰਦਰੋਂ ਹੀ ਪੈਦਾ ਹੁੰਦਾ ਹੈ।ਵਿਕਸਿਤ ਦੇਸਾਂ ਜਿਵੇਂ ਬ੍ਰਿਟੇਨ, ਅਮਰੀਕਾ ਕੈਨੇਡਾ, ਆਸਟ੍ਰੇਲੀਆ, ਯੂਏਈ, ਈਰਾਨ, ਹਾਂਗ-ਕਾਂਗ, ਜਰਮਨੀ, ਸਪੇਨ, ਕੋਰੀਆ, ਥਾਈਲੈਂਡ ਅਤੇ ਕੁਝ ਅਰਬ ਦੇਸਾਂ ਵਿੱਚ ਈ-ਵੇਸਟ ਦੀ ਨੀਲਾਮੀ ਹੁੰਦੀ ਹੈ।ਇਸ ਤੋਂ ਬਾਅਦ ਵਿਕਾਸਸ਼ੀਲ ਦੇਸ ਜਿਵੇਂ ਪਾਕਿਸਤਾਨ, ਭਾਰਤ, ਬੰਗਲਾਦੇਸ ਅਤੇ ਕੁਝ ਅਫ਼ਰੀਕੀ ਦੇਸਾਂ ਵਿੱਚ ਭੇਜ ਦਿੱਤਾ ਜਾਂਦਾ ਹੈ।ਯੂਰੋਪ, ਬ੍ਰਿਟੇਨ, ਯੂਏਈ, ਈਰਾਨ ਅਤੇ ਸਾਊਦੀ ਅਰਬ ਤੋਂ ਪੋਰਟ ਦੇ ਜ਼ਰੀਏ ਆਉਣ ਵਾਲੇ ਇਸ ਸਮਾਨ ਨੂੰ ਪਾਕਿਸਤਾਨ ਲਿਆਉਣ ਲਈ ਸਰਕਾਰ ਤੋਂ ਕੋਈ ਇਤਰਾਜ਼ ਨਹੀਂ ਦਾ ਸਰਟੀਫਿਕੇਟ ਲੈਣਾ ਪੈਂਦਾ ਹੈ।ਇਸ ਤੋਂ ਬਾਅਦ ਇਹ ਸਮਾਨ ਕਰਾਚੀ ਦੇ ਇੰਟਰਨੈਸ਼ਨਲ ਟਰਮੀਨਲ ਪੋਰਟ ਪਹੁੰਚਦਾ ਹੈ। ਟਰਮੀਨਲ ਤੋਂ ਕੰਟੇਨਰਾਂ ਦੇ ਰਾਹੀਂ ਇਹ ਸਮਾਨ ਸ਼ੇਰਸ਼ਾਹ ਕਬਾੜੀ ਮਾਰਕਿਟ ਅਤੇ ਫਿਰ ਉੱਥੋਂ ਸ਼ਹਿਰ ਦੇ ਵੱਖ-ਵੱਖ ਥਾਂ ਬਣੇ ਬਜ਼ਾਰਾਂ ਤੱਕ ਪਹੁੰਚਦਾ ਹੈ।ਜਾਂਚ ਤੋਂ ਬਾਅਦ ਆਏ ਸਮਾਨ ਨੂੰ ਚਾਰ ਵਰਗਾਂ ਵਿੱਚ ਵੰਡਿਆ ਜਾਂਦਾ ਹੈ- ਏ, ਬੀ, ਸੀ ਅਤੇ ਡੀ।ਏ ਅਤੇ ਬੀ ਵਰਗ ਵਿੱਚ ਪੂਰੀ ਤਰ੍ਹਾਂ ਚਾਲੂ ਸਥਿਤੀ ਵਾਲੇ ਉਪਕਰਣ ਹੁੰਦੇ ਹਨ ਜੋ ਉਸੇ ਸਥਿਤੀ ਵਿੱਚ ਲੇਕਿਨ ਸਸਤੀਆਂ ਕੀਮਤਾਂ ਉੱਤੇ ਵੇਚ ਦਿੱਤੇ ਜਾਂਦੇ ਹਨ।



## ਸ਼ੇਰਸ਼ਾਹ ਕਬਾੜੀ ਮਾਰਕਿਟ

ਸਿਰਾਜ ਨਾਲ ਮੇਰੀ ਮੁਲਾਕਾਤ ਸ਼ੇਰਸ਼ਾਹ ਕਬਾੜੀ ਮਾਰਕਿਟ ਦੀਆਂ ਭੁਲਾਵੀਆਂ ਗਲੀਆਂ ਦੇ ਇੱਕ ਗੋਦਾਮ ਵਿੱਚ ਹੋਈ। ਮੈਨੂੰ ਵੀ ਉਸੇ ਸੋਨੇ ਦੀ ਤਲਾਸ਼ ਸੀ ਜਿਸ ਦੇ ਸੁਫ਼ਨੇ ਦੇਖਦਾ ਹੋਇਆ ਸਿਰਾਜ ਕਰਾਚੀ ਆਇਆ ਸੀ।ਇੱਥੇ ਹੀ ਸਿਰਾਜ ਦੇ ਚਚੇਰੇ ਭਰਾ ਸ਼ਾਹਿਦ ਅਤੇ ਉਨ੍ਹਾਂ ਦੇ ਉਸਤਾਦ ਚਾਚਾ ਨਾਲ ਗੱਲ ਹੋਈ। ਲੇਕਿਨ ਉਨ੍ਹਾਂ ਦੇ ਕਹਿਣ ਉੱਤੇ ਕਹਾਣੀ ਵਿੱਚ ਉਨ੍ਹਾਂ ਦੇ ਅਸਲੀ ਨਾਮ ਨਹੀਂ ਵਰਤੇ ਜਾ ਰਹੇ ਹਨ।ਪਤਾ ਨਹੀਂ ਕਿਉਂ ਲੇਕਿਨ ਉਹ ਆਪਣੇ ਨਾਮ ਦੇ ਮਸਲੇ ਵਿੱਚ ਸੰਵੇਦਨਾਸ਼ੀਲ ਸਨ ਅਤੇ ਉਹ ਵੀ ਇੰਨੇ ਕਿ ਆਪਣੀ ਤਸਵੀਰ ਵੀ ਨਹੀਂ ਲਾਹੁਣ ਦਿੱਤੀ ਅਤੇ ਨਾਮ ਨਾ ਦੱਸਣ ਦੀ ਸ਼ਰਤ ਉੱਤੇ ਗੱਲ ਕੀਤੀ।ਅਸੀਂ ਤਾਂ ਸਿਰਫ ਇਹ ਜਾਨਣਾ ਚਾਹੁੰਦੇ ਸੀ ਕਿ ਸ਼ੇਰਸ਼ਾਹ ਮਾਰਕਿਟ ਵਿੱਚ ਕੰਪਿਊਟਰ ਦੇ ਕਚਰੇ ਵਿੱਚੋਂ ਸੋਨਾ ਕਿਵੇਂ ਨਿਕਲਦਾ ਹੈ ਅਤੇ ਇਹ ਕੰਮ ਕਿਵੇਂ ਹੁੰਦਾ ਹੈ।ਇੱਥੇ ਤੱਕ ਪਹੁੰਚਣਾ ਵੀ ਸੌਖਾ ਨਹੀਂ ਸੀ। ਬਹੁਤ ਸਾਰੀਆਂ ਕੱਚੀਆਂ ਸੜਕਾਂ, ਗੋਦਾਮਾਂ ਅਤੇ ਟੁੱਟੇ-ਭੱਜੇ ਰਾਹਾਂ ਵਿੱਚੋਂ ਹੁੰਦੇ ਹੋਏ ਇੱਕ ਸ਼ਟਰ ਵਾਲੀ ਦੁਕਾਨ ਸੀ ਜਿਸ ਦੇ ਅੰਦਰ ਇੱਕ ਕੱਚਾ-ਪੱਕਾ ਪਰ ਵੱਡਾ ਗੋਦਾਮ ਸੀ।ਇੱਕ ਵੱਡੀ ਸਾਰੀ ਚਿਮਨੀ ਛੱਤ ਤੋਂ ਲਮਕ ਰਹੀ ਸੀ ਜਿਸ ਦੇ ਥੱਲੇ ਮਿੱਟੀ ਅਤੇ ਡਰੱਮਾਂ ਦੇ ਚੁੱਲ੍ਹੇ ਬਣੇ ਹੋਏ ਸਨ। ਇੱਕ ਬਾਰੇ ਵਿੱਚ ਬਹੁਤ ਸਾਰੀਆਂ ਢੋਲੀਆਂ ਪਈਆਂ ਸਨ ਅਤੇ ਉਨ੍ਹਾਂ ਦੇ ਕੋਲ ਬਾਲਣ ਦੀਆਂ ਲੱਕੜਾਂ ਦਾ ਢੇਰ ਸੀ।ਇਸ ਕਾਠ ਕਬਾੜ ਦੇ ਨਾਲ ਹੀ ਸੈਂਕੜੇ ਰੰਗ-ਬਿਰੰਗੇ ਪਲਾਸਟਿਕ ਦੇ ਟੁਕੜਿਆਂ ਦਾ ਢੇਰ ਪਿਆ ਸੀ। ਇਹ ਟੁਕੜੇ ਜ਼ਿਆਦਾਤਰ ਹਰੇ ਅਤੇ ਨੀਲੇ ਰੰਗ ਦੇ ਸਨ। ਪਲਾਸਟਿਕ ਦੇ ਇਹ ਟੁਕੜੇ ਵਰਤੇ ਹੋਏ ਕੰਪਿਊਟਰਾਂ ਦੇ ਮਦਰ ਬੋਰਡ ਸਨ।ਇੱਥੇ ਹੀ ਸਿਰਾਜ ਨੂੰ ਪਹਿਲੀ ਵਾਰ ਪਤਾ ਲੱਗਿਆ ਕਿ ਕਚਰੇ ਵਿੱਚੋਂ ਸੋਨਾ ਕਿਵੇਂ ਨਿਕਲਦਾ ਹੈ।ਕਰਾਚੀ ਦੇ ਇਲਾਕੇ ਸ਼ੇਰਸ਼ਾਹ ਵਿੱਚ ਵੈਸੇ ਤਾਂ ਵੱਖ-ਵੱਖ ਤਰ੍ਹਾਂ ਦੀ ਸਨਅਤੀ ਸਮਗਰੀ ਅਤੇ ਵਰਤਿਆ ਹੋਇਆ ਕਾਫ਼ੀ ਸਮਾਨ ਮਿਲਦਾ ਹੈ ਲੇਕਿਨ ਇਹ ਥਾਂ ਵਿਕਸਿਤ ਦੇਸ਼ਾਂ ਤੋਂ ਮੰਗਵਾਏ ਗਏ ਪੁਰਾਣੇ ਅਤੇ ਬੇਕਾਰ ਕੰਪਿਊਟਰਾਂ ਦਾ ਟਿਕਾਣਾ ਵੀ ਹੈ।ਇਨ੍ਹਾਂ ਕੰਪਿਊਟਰਾਂ ਵਿੱਚੋਂ ਵਰਤੇ ਗਏ ਪਰ ਕੁਝ ਹੱਦ ਤੱਕ ਨਵੇਂ ਕੰਪਿਊਟਰ ਵੱਖ ਕਰ ਲਏ ਜਾਂਦੇ ਹਨ ਅਤੇ ਮੁਰੰਮਤ ਅਤੇ ਜੋੜ-ਤੋੜ ਤੋਂ ਬਾਅਦ ਉਨ੍ਹਾਂ ਨੂੰ ਵੱਖ-ਵੱਖ ਕੇਂਦਰਾਂ ਵਿੱਚ ਵੇਚਿਆ ਜਾਂਦਾ ਹੈ।ਲੇਕਿਨ ਖੇਪ ਦੇ ਪੁਰਾਣੇ ਅਤੇ ਵਰਤਨਯੋਗ ਨਾ ਰਹੇ ਕੰਪਿਊਟਰਾਂ ਦੀ ਮੰਜ਼ਿਲ ਸ਼ੇਰਸ਼ਾਹ ਦੇ ਗੋਦਾਮ ਹੁੰਦੇ ਹਨ।

# ਅਰਬ ਮੁਲਕਾਂ ਦਾ ਉਹ ਡਰ, ਜੋ ਫ਼ਲਸਤੀਨ ਦੇ ਸਮਰਥਨ ਵਿੱਚ ਖੁੱਲ੍ਹ ਕੇ ਆਉਣ ਤੋਂ ਰੋਕ ਰਿਹਾ ਹੈ



## ਅਰਬ ਕਿੱਥੇ ਹੈ ? ਅਰਬ ਕਿੱਥੇ ਹੈ ?

ਇਹ ਉਹ ਸਵਾਲ ਹੈ ਜੋ ਗਾਜ਼ਾ ਦਾ ਹਰ ਵਿਅਕਤੀ ਪੁੱਛ ਰਿਹਾ ਹੈ ਜੋ ਕਿ ਇਜ਼ਰਾਈਲੀ ਬੰਬਾਰੀ ਨਾਲ ਤਬਾਹ ਹੋਈਆਂ ਇਮਾਰਤਾਂ ਦੇ ਮਲਬੇ ਵਿੱਚੋਂ ਜਿਉਂਦਾ ਬਚਿਆ ਹੈ।ਗਾਜ਼ਾ ਵਾਸੀ ਵਾਰ-ਵਾਰ ਸਵਾਲ ਕਰ ਰਹੇ ਹਨ ਅਤੇ ਉਹ ਇਸ ਗੱਲ ਤੋਂ ਹੈਰਾਨ ਹਨ ਕਿ ਉਨ੍ਹਾਂ ਦੇ ਅਰਬ ਗੁਆਂਢੀ ਦੇਸ ਉਨ੍ਹਾਂ ਨੂੰ ਇਜ਼ਰਾਈਲੀ ਬੰਬਾਰੀ ਤੋਂ ਬਚਾ ਕਿਉਂ ਨਹੀਂ ਰਹੇ ?ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ 'ਤੇ ਹਮਾਸ ਦੇ ਹਮਲੇ ਤੋਂ ਬਾਅਦ ਹਰ ਕਿਸੇ ਦੀਆਂ ਨਜ਼ਰਾਂ ਮੱਧ ਪੂਰਬ 'ਤੇ ਟਿਕੀਆਂ ਹੋਈਆਂ ਸਨ ਅਤੇ ਹਰ ਕਿਸੇ ਦੇ ਮਨ 'ਚ ਇਹ ਸਵਾਲ ਸੀ ਕਿ ਇਜ਼ਰਾਈਲ ਦੀ ਪ੍ਰਤੀਕਿਰਿਆ ਕਿੰਨੀ ਤਿੱਖੀ ਅਤੇ ਲੰਬੀ ਹੋਵੇਗੀ।ਇਹ ਵੀ ਸਵਾਲ ਸੀ ਕਿ ਖਿੱਤੇ ਦੇ ਅਰਬ ਮੁਲਕਾਂ ਦੇ ਲੋਕ ਅਤੇ ਸਰਕਾਰਾਂ ਇਸ ਦਾ ਕਿਵੇਂ ਜਵਾਬ ਦੇਣਗੀਆਂ ? ਇਜ਼ਰਾਈਲੀ ਬੰਬਾਰੀ ਨੇ ਗਾਜ਼ਾ ਵਿੱਚ ਤਬਾਹੀ ਮਚਾਈ ਦਿੱਤੀ ਹੈ ਅਤੇ ਫ਼ਲਸਤੀਨੀ ਪ੍ਰਸ਼ਾਸਨ ਦੇ ਸਿਹਤ ਮੰਤਰਾਲੇ ਦੇ ਅਨੁਸਾਰ ਹੁਣ ਤੱਕ 42,500 ਫ਼ਲਸਤੀਨੀ ਮਾਰੇ ਜਾ ਚੁੱਕੇ ਹਨ। ਅਜੇ ਵੀ ਮੌਤਾਂ ਦਾ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ। ਦੂਜੇ ਸਵਾਲ ਦੇ ਜਵਾਬ ਦਾ ਕੁਝ ਹਿੱਸਾ ਸਪਸ਼ਟ ਹੈ। ਜੇਕਰ ਕੋਈ ਅਰਬ ਸੰਸਾਰ ਦੀਆਂ ਰਾਜਧਾਨੀਆਂ ਵਿੱਚ ਵੱਡੇ ਪ੍ਰਦਰਸ਼ਨਾਂ ਦੀ ਉਮੀਦ ਕਰ ਰਿਹਾ ਸੀ ਤਾਂ ਉਹ ਨਿਰਾਸ਼ ਹੋਏ ਹੋਣਗੇ।ਹਾਲਾਂਕਿ ਅਰਬ ਦੇਸ਼ਾਂ ਦੀ ਵੱਡੀ ਆਬਾਦੀ ਫ਼ਲਸਤੀਨੀਆਂ ਦਾ ਸਮਰਥਨ ਕਰਦੀ ਹੈ ਅਤੇ ਉਨ੍ਹਾਂ ਨਾਲ ਇੱਕਜੁਟਤਾ ਮਹਿਸੂਸ ਕਰਦੀ ਹੈ ਪਰ ਉਨ੍ਹਾਂ ਦੇ ਦੇਸ਼ਾਂ ਵਿੱਚ ਪ੍ਰਦਰਸ਼ਨ ਸੀਮਤ ਰੱਖੇ ਗਏ ਹਨ।ਵਲੀਦ ਕਾਦੀਆ, ਕਾਹਿਰਾ ਵਿੱਚ ਅਮਰੀਕਨ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਦੇ ਇੱਕ ਪ੍ਰੋਫੈਸਰ ਨੇ ਬੀਬੀਸੀ ਮੁੰਡੋ ਨੂੰ ਦੱਸਿਆ, ÷ਜਿੱਥੋਂ ਤੱਕ ਅਰਬ ਸਰਕਾਰਾਂ ਦਾ ਸਬੰਧ ਹੈ ਤਾਂ ਉਨ੍ਹਾਂ ਦਾ ਪ੍ਰਤੀਕਰਮ ਬਹੁਤ ਕਮਜ਼ੋਰ ਅਤੇ ਨਿਰਾਸ਼ਾਜਨਕ ਰਿਹਾ ਹੈ।ਉਹ ਕਹਿੰਦੇ ਹਨ, ÷ਇਜ਼ਰਾਈਲ ਦੀ ਰਵਾਇਤੀ ਆਲੋਚਨਾ ਜਾਂ ਇਸ ਵਿਵਾਦ ਵਿੱਚ ਕਤਰ ਅਤੇ ਮਿਸਰ ਦੀਆਂ ਸਰਕਾਰਾਂ ਵੱਲੋਂ ਵਿਚੋਲੇ ਦੀ ਭੂਮਿਕਾ ਨਿਭਾਉਣ ਦੀ ਪੇਸ਼ਕਸ਼ ਤੋਂ ਇਲਾਵਾ ਕਿਸੇ ਨੇ ਵੀ ਫ਼ਲਸਤੀਨੀਆਂ ਦਾ ਸਾਥ ਨਹੀਂ ਦਿੱਤਾ ਹੈ।ਵਲੀਦ ਦਾ ਕਹਿਣਾ ਹੈ ਕਿ ਕਿਸੇ ਵੀ ਅਰਬ ਦੇਸ਼ ਨੇ ਇਜ਼ਰਾਈਲ ਨਾਲ ਸਬੰਧ ਨਹੀਂ ਤੋੜੇ ਹਨ ਅਤੇ ਨਾ ਹੀ ਕੋਈ ਅਜਿਹਾ ਕਦਮ ਚੁੱਕਿਆ ਹੈ, ਜਿਸ ਨਾਲ ਇਜ਼ਰਾਈਲ 'ਤੇ ਕੂਟਨੀਤਕ ਜਾਂ ਆਰਥਿਕ ਦਬਾਅ ਵਧੇ ਜਾਂ ਇਸ ਜੰਗ ਨੂੰ ਰੋਕਣ 'ਚ ਮਦਦ ਮਿਲੇ।ਪਰ ਖਿੱਤੇ ਵਿੱਚ ਫ਼ਲਸਤੀਨ ਦੀ ਸਮੱਸਿਆ ਨੇ ਆਪਣੀ ਮਹੱਤਤਾ ਕਿਉਂ ਗੁਆ ਦਿੱਤੀ ? ਮੱਧ ਪੂਰਬ ਦੇ ਹਾਲਾਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਸਵਾਲ ਦਾ ਜਵਾਬ ਗੁੰਝਲਦਾਰ ਹੈ।

**ਆਮ ਲੋਕਾਂ ਦੀ ਰਾਇ ਅਤੇ ਸਰਕਾਰ ਵਿਚਕਾਰ ਦੂਰੀ**

ਅਰਬ ਦੇਸ਼ਾਂ ਦੇ ਇਤਿਹਾਸ ਵਿੱਚ ਅਰਬਾਂ ਨੇ ਆਪਣੇ ਆਪ ਨੂੰ ਇੱਕ ਪਛਾਣ, ਇੱਕ ਭਾਸ਼ਾ ਅਤੇ ਕਾਫ਼ੀ ਹੱਦ ਤੱਕ ਇੱਕ ਧਰਮ ਨਾਲ ਜੋੜਿਆ ਹੈ ਪਰ ਖਿੱਤੇ ਵਿੱਚ ਯੂਰਪੀ ਬਸਤੀਵਾਦੀ ਦੇ ਪ੍ਰਭਾਵ ਕਾਰਨ ਪੈਦਾ ਹੋਏ ਡਰ ਵੀਮੌਜੂਦ ਹਨ। ਇਨ੍ਹਾਂ ਦੇਸ਼ਾਂ ਦੇ ਹਿੱਤ ਵੀ ਇੱਕ ਦੂਜੇ ਨਾਲ ਟਕਰਾਦੇ ਰਹੇ ਹਨ।ਫ਼ਲਸਤੀਨੀਆਂ ਅਤੇ ਅਰਬ ਦੇਸ਼ਾਂ ਵਿਚਕਾਰ ਸਬੰਧ ਵੀ ਸੁਖਾਵੇਂ ਨਹੀਂ ਰਹੇ। ਖ਼ਾਸ ਤੌਰ 'ਤੇ ਉਨ੍ਹਾਂ ਨਾਲ ਜਿਨ੍ਹਾਂ ਨੇ 1948 ਵਿਚ ਇਜ਼ਰਾਈਲੀ ਸਟੇਟ ਦੇ ਐਲਾਨ ਤੋਂ ਬਾਅਦ ਵੱਡੀ ਗਿਣਤੀ ਵਿਚ ਸ਼ਰਨਾਰਥੀਆਂ ਦਾ ਸਵਾਗਤ ਕੀਤਾ ਸੀ।ਲੇਬਨਾਨ ਦਾ ਗ੍ਰਿਹ ਯੁੱਧ ਅਤੇ ਫ਼ਲਸਤੀਨੀ ਅੱਤਵਾਦੀਆਂ ਅਤੇ ਜਾਰਡਨ ਦੀ ਰਾਜਸ਼ਾਹੀ ਦਰਮਿਆਨ ਝੜਪਾਂ ਅਕਸਰ ਖੇਤਰ ਦੇ ਗੁੰਝਲਦਾਰ ਇਤਿਹਾਸ ਦੀ ਯਾਦ ਦਿਵਾਉਂਦੀਆਂ ਹਨ।ਪਰ ਫ਼ਲਸਤੀਨ ਦੀ ਸਮੱਸਿਆ ਕਈ ਦਹਾਕਿਆਂ ਤੋਂ ਅਰਬ ਦੇਸ਼ਾਂ ਲਈ ਇੱਕਜੁਟ ਹੋਣ ਦਾ ਕਾਰਨ ਵੀ ਸੀ।

ਦੋਹਾ ਇੰਸਟੀਚਿਊਟ ਫਾਰ ਗ੍ਰੈਜੂਏਟ ਸਟੱਡੀਜ਼ ਦੇ ਪਬਲਿਕ ਪਾਲਿਸੀ ਦੇ ਐਸੋਸੀਏਟ ਪ੍ਰੋਫੈਸਰ ਤੈਮੂਰ ਕਰਮੂਤ ਨੇ ਬੀਬੀਸੀ ਨੂੰ ਦੱਸਿਆ, ਇਸ ਦੌਰਾਨ ਇਜ਼ਰਾਈਲੀ ਸਟੇਟ ਨੂੰ ਸਾਬਕਾ ਬਸਤੀਵਾਦੀ ਸ਼ਕਤੀਆਂ ਦੇ ਵਿਸਥਾਰ ਵਜੋਂ ਦੇਖਿਆ ਜਾਂਦਾ ਸੀ ਭਾਵੇਂ ਉਹ ਮੱਧ ਪੂਰਬ ਤੋਂ ਪਿੱਛੇ ਹਟ ਗਈਆਂ।ਪਰ ਆਪਣੇ ਹਿੱਤਾਂ ਦੀ ਰੱਖਿਆ ਲਈ ਇਜ਼ਰਾਈਲ ਨੂੰ ਇੱਕ ਏਜੰਟ ਵਜੋਂ ਛੱਡ ਦਿੱਤਾ। ਜਿਸ ਵਿੱਚ ਬ੍ਰਿਟੇਨ, ਫਰਾਂਸ ਅਤੇ ਹੁਣ ਅਮਰੀਕਾ ਸ਼ਾਮਲ ਹਨ।ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਜ਼ਰਾਈਲ ਦੇ ਖ਼ਿਲਾਫ਼ ਮਿਸਰ, ਸੀਰੀਆ ਅਤੇ ਜਾਰਡਨ ਵਰਗੇ ਦੇਸ਼ਾਂ ਹਨ ਜਿਨ੍ਹਾਂ ਨੇ ਪਿਛਲੀਆਂ ਜੰਗਾਂ ਲੜੀਆਂ ਹਨ ਉਨ੍ਹਾਂ ਵਿੱਚ ਕੌਮੀ ਹਿੱਤਾਂ ਦੇ ਨਾਲ-ਨਾਲ ਫ਼ਲਸਤੀਨੀਆਂ ਦੀ ਵੀ ਰੱਖਿਆ ਕੀਤੀ ਗਈ ਸੀ।ਪਰ ਉਹ ਜੰਗਾਂ ਹੁਣ ਬੀਤੇ ਦੀ ਗੱਲ ਹੋ ਗਈਆਂ ਹਨ। ਮਿਸਰ ਅਤੇ ਜਾਰਡਨ ਨੇ ਦਹਾਕਿਆਂ ਪਹਿਲਾਂ ਇਜ਼ਰਾਈਲ ਨਾਲ ਸ਼ਾਂਤੀ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਸਨ।ਮੋਰੱਕੋ, ਸੰਯੁਕਤ ਅਰਬ ਅਮੀਰਾਤ ਅਤੇ ਬਹਿਰੀਨ ਨੇ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਿਤ ਕਰ ਲਏ ਜਦੋਂ ਕਿ ਕੁਝ ਸਾਲ ਪਹਿਲਾਂ ਤੱਕ ਇਸ ਖਿੱਤੇ ਵਿੱਚ ਇਜ਼ਰਾਈਲ ਨਾਲ ਸਬੰਧਾਂ ਨੂੰ ਨਾਪਸੰਦ ਮੰਨਿਆ ਜਾਂਦਾ ਸੀ।7 ਅਕਤੂਬਰ ਨੂੰ ਹਮਾਸ ਅਤੇ ਇਜ਼ਰਾਈਲ ਵਿਚਾਲੇ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਸਾਊਦੀ ਅਰਬ ਵੀ ਇਜ਼ਰਾਈਲ ਨਾਲ ਸਬੰਧ ਸਥਾਪਤ ਕਰਨ ਦੇ ਨੇੜੇ ਪਹੰਚ ਗਿਆ ਸੀ।ਕੈਲੀਫੋਰਨੀਆ ਯੂਨੀਵਰਸਿਟੀ ਦੇ ਸੈਂਟਰ ਫਾਰ ਇਜ਼ਰਾਈਲ ਸਟੱਡੀਜ਼ ਦੇ ਡਾਇਰੈਕਟਰ ਡੋ ਵੈਕਸਮੈਨ ਦੇ ਅਨੁਸਾਰ, ਦਹਾਕਿਆਂ ਤੋਂ ਅਤੇ ਹਾਲ ਹੀ ਦੇ ਸੰਘਰਸ਼ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ, ਹਰੇਕ ਅਰਬ ਦੇਸ਼ ਨੇ ਆਪਣੇ ਹਿੱਤਾਂ ਦੀ ਰੱਖਿਆ ਕੀਤੀ ਹੈ।ਉਹ ਫ਼ਲਸਤੀਨੀਆਂ ਦੇ ਸਮਰਥਨ ਅਤੇ ਇਕਜੁੱਟਤਾ ਬਾਰੇ ਗੱਲ ਕਰਦੇ ਹਨ ਅਤੇ ਅਜਿਹਾ ਨਹੀਂ ਹੈ ਕਿ ਇਹ ਭਾਵਨਾਵਾਂ ਸੱਚੀਆਂ ਨਹੀਂ ਹਨ ਪਰ ਉਹ ਆਪਣੇ ਕੌਮੀ ਹਿੱਤਾਂ ਨੂੰ ਦੇਖਦੇ ਹਨ।ਚੈਟਮ ਹਾਊਸ ਵਿਖੇ ਮੱਧ ਪੂਰਬ ਅਤੇ ਉੱਤਰੀ ਅਫਰੀਕਾ ਪ੍ਰੋਗਰਾਮ ਦੇ ਖੋਜਕਰਤਾ ਇਲਹਾਮ ਫ਼ਖ਼ਰੂ ਨੇ ਕਿਹਾ, ਅਰਬ ਸੰਸਾਰ ਵਿੱਚ ਜਨਤਕ ਰਾਇ ਇਜ਼ਰਾਈਲ ਦੇ ਸਖ਼ਤ ਵਿਰੁੱਧ ਹੈ।ਉਹ ਕਹਿੰਦੇ ਹਨ, ਅਰਬ ਦੇਸ਼ਾਂ ਦੇ ਲੋਕਾਂ ਦੇ ਦਿਲਾਂ ਵਿੱਚ ਗਾਜ਼ਾ ਦੇ ਤਬਾਹ ਹੋਏ ਲੋਕਾਂ ਲਈ ਬਹੁਤ ਹਮਦਰਦੀ ਹੈ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਸਰਕਾਰਾਂ ਫ਼ਲਸਤੀਨੀਆਂ ਲਈ ਕੁਝ ਹੋਰ ਜ਼ਿਆਦਾ ਕਰਨ।ਉਹ ਚਾਹੁੰਦੇ ਹਨ ਕਿ ਉਨ੍ਹਾਂ ਦੇ ਦੇਸ਼ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਖ਼ਤਮ ਕਰਨ ਅਤੇ ਘੱਟੋ-ਘੱਟ ਪ੍ਰਤੀਕਰਮ ਦਿੰਦੇ ਹੋਏ ਡਿਪਲੋਮੈਟਾਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਜਾਵੇ।ਪਰ ਅਜੇ ਤੱਕ ਅਜਿਹਾ ਨਹੀਂ ਹੋਇਆ ਹੈ।ਵਾਸ਼ਿੰਗਟਨ ਡੀਸੀ ਵਿੱਚ ਅਰਬ ਸੈਂਟਰ ਥਿੰਕ ਟੈਂਕ ਵਿੱਚ ਖੋਜ ਅਤੇ ਵਿਸ਼ਲੇਸ਼ਣ ਦੇ ਨਿਰਦੇਸ਼ਕ ਇਮਾਦ ਹਾਰੀਬ ਦੇ ਅਨੁਸਾਰ, ਅਰਬ ਸਰਕਾਰਾਂ ਨੇ ਬਹੁਤ ਸਮਾਂ ਪਹਿਲਾਂ ਫ਼ਲਸਤੀਨੀਆਂ ਨੂੰ ਛੱਡ ਦਿੱਤਾ ਸੀ।

**ਅਰਬ ਸੰਸਾਰ ਵਿੱਚ ਵਿਰੋਧ ਪ੍ਰਦਰਸ਼ਨ**

2010 ਵਿੱਚ 'ਅਰਬ ਸਪਰਿੰਗ' ਤੋਂ ਬਾਅਦ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਅਤੇ ਇਨ੍ਹਾਂ ਵਿਦਰੋਹਾਂ ਦੀ ਅਸਫ਼ਲਤਾ ਨੇ ਇਸ ਖਿੱਤੇ ਨੂੰ ਅਸਥਿਰਤਾ ਦਾ ਸ਼ਿਕਾਰ ਬਣਾ ਦਿੱਤਾ।ਕਈ ਦੇਸ਼ ਅਜੇ ਵੀ ਗ੍ਰਿਹ ਯੁੱਧ ਵਿੱਚ ਫਸੇ ਹੋਏ ਹਨ। ਜਿਵੇਂ ਯਮਨ, ਸੀਰੀਆ ਅਤੇ ਇਰਾਕ।ਸੀਰੀਆ ਅਤੇ ਇਰਾਕ ਦੋ ਸਿਆਸੀ ਵਿਚਾਰਧਾਰਾਵਾਂ ਵਾਲੇ ਸ਼ਕਤੀਸ਼ਾਲੀ ਦੇਸ਼ ਸਨ ਅਤੇ ਅਮਰੀਕਾ ਨੂੰ ਚੁਣੌਤੀ ਦੇ ਸਕਦੇ ਸਨ।ਪਰ ਅੱਜ ਦ੍ਰਿਸ਼ ਤੋਂ ਗਾਇਬ ਹੋ ਗਏ ਹਨ। ਲੀਬੀਆ ਗਾਇਬ ਹੋ ਚੁੱਕਾ ਹੈ, ਮਿਸਰ ਆਰਥਿਕ ਅਸਥਿਰਤਾ ਵਿੱਚ ਹੈ ਜਦੋਂ ਕਿ ਸੂਡਾਨ ਗ੍ਰਿਹ ਯੁੱਧ ਵਿੱਚ ਉਲਝਿਆ ਹੋਇਆ ਹੈ।ਤੈਮੂਰ ਕਹਿੰਦੇ ਹਨ, ਇਸ ਸਥਾਈ ਸੰਕਟ ਦੀ ਸਥਿਤੀ ਵਿੱਚ ਅਰਬ ਸਮਾਜ ਫ਼ਲਸਤੀਨੀਆਂ ਨਾਲ ਹਮਦਰਦੀ ਰੱਖਦੇ ਹੋਏ ਬੇਵੱਸ ਮਹਿਸੂਸ ਕਰਦੇ ਹਨ। ਉਹ ਖ਼ੁਦ ਇੱਕ ਜ਼ਾਲਮ ਤਾਨਾਸ਼ਾਹੀ ਸ਼ਾਸਨ ਦੇ ਅਧੀਨ ਰਹਿ ਰਹੇ ਹਨ। 'ਅਰਬ ਸਪਰਿੰਗ' ਤੋਂ ਬਾਅਦ ਖੇਤਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਅਜਿਹੀਆਂ ਗਤੀਵਿਧੀਆਂ ਲਈ ਸੜਕਾਂ ਬੰਦ ਕਰ ਦਿੱਤੀਆਂ ਗਈਆਂ ਹਨ।ਜਿੱਥੇ ਰਾਜਸ਼ਾਹੀ ਸਰਕਾਰਾਂ ਨੇ ਇੱਕ ਵਾਰ ਫ਼ਲਸਤੀਨੀਆਂ ਦੀ ਸੁਰੱਖਿਆ ਲਈ ਪ੍ਰਦਰਸ਼ਨਾਂ ਵਿੱਚ ਲੋਕਾਂ ਨੂੰ ਆਪਣੀ ਨਿਰਾਸ਼ਾ ਪ੍ਰਗਟ ਕਰਨ ਦੀ ਇਜਾਜ਼ਤ ਦਿੱਤੀ ਸੀ। ਅਰਬ ਸਰਕਾਰਾਂ ਨੂੰ ਹੁਣ ਡਰ ਹੈ ਕਿ ਇਹ ਵਿਰੋਧ ਪ੍ਰਦਰਸ਼ਨ ਉਨ੍ਹਾਂ ਦੇ ਖ਼ਿਲਾਫ਼ ਨਾ ਹੋ ਜਾਵੇ।ਟਿਊਨੀਸ਼ੀਆ, ਮਿਸਰ, ਲੀਬੀਆ, ਸੀਰੀਆ, ਬਹਿਰੀਨ ਅਤੇ ਮੋਰੱਕੋ ਵਰਗੇ ਦੇਸ਼ਾਂ ਵਿੱਚ ਲੱਖਾਂ ਲੋਕ ਲੋਕਤੰਤਰ ਅਤੇ ਸਮਾਜਿਕ ਅਧਿਕਾਰਾਂ ਦੀ ਮੰਗ ਲਈ ਸੜਕਾਂ 'ਤੇ ਉਤਰ ਆਏ ਸਨ।ਤੈਮੂਰ ਕਰਮੌਤ ਕਹਿੰਦੇ ਹਨ, 'ਅਰਬ ਸਪਰਿੰਗ' ਇੱਕ ਜਨ ਸੈਲਾਬ ਸੀ ਅਤੇ ਇਸ ਨੇ ਬਹੁਤ ਸਾਰੇ ਦੇਸ਼ਾਂ ਦੇ ਹਾਲਾਤ ਅਤੇ ਤਰਜੀਹਾਂ ਨੂੰ ਬਦਲ ਦਿੱਤਾ ਸੀ। ਕੁਝ ਪੁਰਾਣੀਆਂ ਸਰਕਾਰਾਂ ਖ਼ਤਮ ਹੋ ਗਈਆਂ ਅਤੇ ਕਈਆਂ ਨੇ ਸੋਚਿਆ ਕਿ ਉਨ੍ਹਾਂ ਨਾਲ ਵੀ ਅਜਿਹਾ ਹੀ ਹੋਣ ਵਾਲਾ ਹੈ।ਜਿਸ ਕਾਰਨ ਉਹ ਡਰ ਗਏ, ਖੱਬੇ ਅਤੇ ਸੱਜੇ ਦੇਖਿਆ ਅਤੇ ਸੁਰੱਖਿਆ ਲਈ ਖੋਜ ਕੀਤੀ। ਬਹੁਤ ਸਾਰੇ ਲੋਕ ਇਸ ਸੋਚ ਵਿੱਚ ਪੈ ਗਏ ਕਿ ਅਮਰੀਕਾ ਇਹ ਕਹਿ ਕੇ ਉਨ੍ਹਾਂ ਨੂੰ ਮੂਰਖ ਬਣਾ ਰਿਹਾ ਹੈ ਕਿ ਇਜ਼ਰਾਈਲ ਖਿੱਤੇ ਵਿੱਚ ਉਨ੍ਹਾਂ ਦਾ ਸਹਿਯੋਗੀ ਹੈ ਜੋ ਉਨ੍ਹਾਂ ਦੀ ਰੱਖਿਆ ਕਰ ਸਕਦਾ ਹੈ। 'ਅਰਬ ਸਪਰਿੰਗ' ਤੋਂ ਕੁਝ ਸਾਲ ਬਾਅਦ ਹੀ ਜਦੋਂ ਡੋਨਾਲਡ ਟਰੰਪ ਅਮਰੀਕੀ ਰਾਸ਼ਟਰਪਤੀ ਸਨ ਬਹਿਰੀਨ ਅਤੇ ਸੰਯੁਕਤ ਅਰਬ ਅਮੀਰਾਤ ਨੇ ਅਮਰੀਕਾ ਦੀ ਵਿਚੋਲਗੀ ਹੇਠ ਇਜ਼ਰਾਈਲ ਨਾਲ ਕੂਟਨੀਤਕ ਸਬੰਧ ਸਥਾਪਤ ਕਰਨ ਲਈ ਸਮਝੌਤਾ ਕੀਤਾ ਸੀ।ਬਾਅਦ ਵਿੱਚ ਮੋਰੱਕੋ ਅਤੇ ਸੂਡਾਨ ਵੀ ਇਸ ਸਮਝੌਤੇ ਵਿੱਚ ਸ਼ਾਮਲ ਹੋ ਗਏ ਸਨ।ਬਦਲੇ ਵਿੱਚ ਅਮਰੀਕਾ ਨੇ ਉਨ੍ਹਾਂ ਦੀ ਮਦਦ ਕੀਤੀ ਅਤੇ ਅਮਰੀਕਾ ਨੇ ਪੱਛਮੀ ਸਹਾਰਾ ਉੱਤੇ ਮੋਰੱਕੋ ਦੀ ਪ੍ਰਭੂਸੱਤਾ ਨੂੰ ਮਾਨਤਾ ਦੇ ਦਿੱਤੀ ਜੋ ਕਿ ਰਾਇਸ਼ੁਮਾਰੀ ਦੀ ਮੰਗ ਨੂੰ ਰੱਦ ਕਰਨ ਵਾਲਾ ਸੀ।

ਵਲੀਦ ਦਾ ਕਹਿਣਾ ਹੈ, ਜਦੋਂ ਅਸੀਂ ਇਜ਼ਰਾਈਲ ਦੇ ਨਾਲ ਉਨ੍ਹਾਂ ਦੇਸ਼ਾਂ ਦੇ ਸਬੰਧਾਂ ਨੂੰ ਦੇਖਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਇਸ ਦੇ ਤਹਿਤ ਇਜ਼ਰਾਈਲ ਨੇ ਉਨ੍ਹਾਂ ਨੂੰ ਅਜਿਹੇ ਨਿਗਰਾਨੀ ਪ੍ਰਣਾਲੀਆਂ ਵੇਚੀਆ ਹਨ ਜੋ ਆਪਣੇ ਲੋਕਾਂ ਦੀ ਖ਼ੁਫ਼ੀਆ ਨਿਗਰਾਨੀ ਲਈ ਵਰਤੀਆਂ ਜਾਂਦੀਆਂ ਹਨ।ਇਜ਼ਰਾਈਲੀ ਕੰਪਨੀ ਐੱਨਐੱਸਓ ਗਰੁੱਪ ਦੁਆਰਾ ਵਿਕਸਿਤ ਕੀਤੇ ਗਏ ਪੇਗਾਸਸ ਪ੍ਰੋਗਰਾਮ ਦੀ ਵਰਤੋਂ ਕਰਦੇ ਹੋਏ ਜਾਸੂਸੀ ਦੀਆਂ ਕਥਿਤ ਘਟਨਾਵਾਂ ਨੇ ਮੋਰੱਕੋ, ਸੰਯੁਕਤ ਅਰਬ ਅਮੀਰਾਤ ਅਤੇ ਬਹਿਰੀਨ ਅਤੇ ਇੱਥੋਂ ਤੱਕ ਕਿ ਸਾਊਦੀ ਅਰਬ ਨੂੰ ਵੀ ਪ੍ਰਭਾਵਿਤ ਕੀਤਾ ਹੈ।ਨਿਊਯਾਰਕ ਟਾਈਮਜ਼ ਦੇ ਅਨੁਸਾਰ ਰਿਆਦ ਨੇ ਇਹ ਪ੍ਰੋਗਰਾਮ 2017 ਵਿੱਚ ਖਰੀਦਿਆ ਸੀ ਅਤੇ ਤੁਰਕੀ ਦੇ ਇਸਤਾਂਬੁਲ ਵਿੱਚ ਸਾਊਦੀ ਅਰਬ ਦੇ ਕੌਂਸਲੇਟ ਵਿੱਚ ਪੱਤਰਕਾਰ ਜਮਾਲ ਖਾਸ਼ੋਜੀ ਦੀ ਹੱਤਿਆ ਤੋਂ ਬਾਅਦ ਇਸ ਸਾਫਟਵੇਅਰ ਦੀ ਸੇਵਾ ਬੰਦ ਕਰ ਦਿੱਤੀ ਗਈ ਸੀ।ਪਰ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੇ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਫੋਨ ਕੀਤਾ। ਜਿਸ ਤੋਂ ਬਾਅਦ ਉਹ ਸਾਫਟਵੇਅਰ ਨੂੰ ਮੁੜ ਪ੍ਰਾਪਤ ਕਰਨ ਵਿੱਚ ਕਾਮਯਾਬ ਹੋ ਗਏ ਸਨ।

**ਇਸਲਾਮੀ ਕੱਟੜਪੰਥੀਆਂ ਦਾ ਡਰ**

ਕੌਮੀ ਹਿੱਤਾਂ ਤੋਂ ਇਲਾਵਾ ਇੱਕ ਹੋਰ ਚੀਜ਼ ਜਿਸ ਨੇ ਅਰਬ ਦੇਸ਼ਾਂ ਨੂੰ ਫ਼ਲਸਤੀਨ ਸਮੱਸਿਆ ਤੋਂ ਦੂਰ ਰਹਿਣ ਲਈ ਮਜਬੂਰ ਕੀਤਾ ਹੈ ਉਹ ਉਨ੍ਹਾਂ ਦੇ ਦੇਸ਼ਾਂ ਵਿੱਚ ਇਸਲਾਮੀ ਕੱਟੜਪੰਥੀ ਦਾ ਉਭਾਰ ਹੈ।ਪ੍ਰੋਫੈਸਰ ਵਲੀਦ ਕਾਦੀਆ ਅਨੁਸਾਰ 1967 ਦੀ ਜੰਗ ਤੋਂ ਬਾਅਦ ਅਤੇ ਯਾਸਿਰ ਅਰਾਫਾਤ ਦੀ ਅਗਵਾਈ ਹੇਠ ਫ਼ਲਸਤੀਨ ਦੇ ਵਿਰੋਧ ਦੀ ਪਹਿਲੀ ਲਹਿਰ ਨੂੰ ਰਾਸ਼ਟਰਵਾਦੀ ਮੰਨਿਆ ਜਾ ਸਕਦਾ ਹੈ, ਪਰ ਅੱਜ ਦਾ ਵਿਰੋਧ ਜ਼ਿਆਦਾਤਰ ਧਾਰਮਿਕ ਬੁਨਿਆਦ 'ਤੇ ਹੈ।ਜੋ ਅੱਜ ਫ਼ਲਸਤੀਨ ਲਈ ਲੜ ਰਹੇ ਹਨ। ਉਹ ਬੁਨਿਆਦੀ ਤੌਰ 'ਤੇ ਇਸਲਾਮ ਪਸੰਦ ਹਨ ਭਾਵੇਂ ਇਹ ਹਮਾਸ ਹੋਵੇ ਜਾਂ ਹਿਜ਼ਬੁੱਲਾ, ਜਿਸਦੀ ਵਿਚਾਰਧਾਰਾ ਇਸਲਾਮ ਤੋਂ ਆਉਂਦੀ ਹੈ, ਜਿਵੇਂ ਕਿ ਸ਼ਹਾਦਤ।ਹਮਾਸ ਦੇ ਇਸਲਾਮੀ ਸੰਗਠਨ ਇਖਵਾਨੁਲ ਮੁਸਲਿਮੀਨ ਦੇ ਨਾਲ ਸਬੰਧਾਂ (ਜੋ ਕਿ ਖੇਤਰ ਦੀਆਂ ਕਈ ਸਰਕਾਰਾਂ ਨਾਲ ਟਕਰਾਅ ਵਿੱਚ ਸ਼ਾਮਲ ਹੈ) ਨੂੰ ਇਸ ਤਰ੍ਹਾਂ ਨਾਲ ਸਮਝਿਆ ਜਾ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਸਰਕਾਰਾਂ ਹਮਾਸ ਨੂੰ ਖ਼ਤਰੇ ਵਜੋਂ ਦੇਖਦੀਆਂ ਹਨ।ਕਰਮੂਤ ਦਾ ਕਹਿਣਾ ਹੈ ਕਿ ਉਹ ਹਮਾਸ ਨੂੰ ਇਖਵਾਨੁਲ ਮੁਸਲਿਮੀਨ ਦੇ ਆਖਰੀ ਗੜ੍ਹ ਵਜੋਂ ਦੇਖਦੇ ਹਨ ਜੋ ਅਜੇ ਵੀ ਕਾਇਮ ਹੈ ਅਤੇ ਫੌਜੀ ਤੌਰ 'ਤੇ ਵੀ ਮਜ਼ਬੂਤ ਹੈ।

**ਈਰਾਨ ਦੀ ਭੂਮਿਕਾ 'ਤੇ ਚਿੰਤਾ**

ਇਰਾਨ ਨਾਲ ਹਮਾਸ ਅਤੇ ਹਿਜ਼ਬੁੱਲਾ ਦੇ ਸਬੰਧ ਵੀ ਅਰਬ ਦੇਸ਼ਾਂ ਵਿੱਚ ਸ਼ੱਕ ਨੂੰ ਜਨਮ ਦਿੰਦੇ ਹਨ। ਉਦਾਹਰਣ ਵਜੋਂ ਈਰਾਨ ਖਾੜੀ ਦੇਸ਼ਾਂ ਲਈ ਇਜ਼ਰਾਈਲ ਨਾਲੋਂ ਵੱਡਾ ਖ਼ਤਰਾ ਹੈ।ਕਰਮੂਤ ਦਾ ਕਹਿਣਾ ਹੈ ਕਿ ਕਈ ਅਰਬ ਸਰਕਾਰਾਂ ਨੇ ਇਜ਼ਰਾਈਲੀ ਅਤੇ ਅਮਰੀਕੀ ਬਿਰਤਾਂਤ ਨੂੰ ਮੰਨਿਆ ਹੈ ਕਿ ਇਹ ਅੰਦੋਲਨ ਖੇਤਰ ਵਿੱਚ ਈਰਾਨ ਦੇ ਹਥਿਆਰ ਹੈ ਅਤੇ ਇਹ ਫ਼ਲਸਤੀਨੀਆਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਖੇਤਰੀ ਸ਼ਾਂਤੀ ਦੀਆਂ ਯੋਜਨਾਵਾਂ ਨੂੰ ਨਾਕਾਮ ਕਰਨ ਲਈ ਚਲਾਏ ਗਏ ਹਨ।ਵਿਸ਼ਲੇਸ਼ਕ ਕਹਿੰਦੇ ਹਨ ਕਿ ਇਹ ਉਹ ਬਿਰਤਾਂਤ ਹੈ ਜੋ ਅਰਬ ਵਿੱਚ ਬਹੁਤ ਸਾਰੇ ਸਰਕਾਰੀ ਪ੍ਰੈੱਸ ਦੁਆਰਾ ਪ੍ਰਚਾਰਿਆ ਜਾਂਦਾ ਹੈ। ਇੱਕ ਅਜਿਹਾ ਖਿੱਤਾ ਜਿੱਥੇ ਸ਼ਾਇਦ ਹੀ ਕੋਈ ਆਜ਼ਾਦ ਮੀਡੀਆ ਹੈ।ਪ੍ਰੋਫੈਸਰ ਵਲੀਦ ਕਾਦੀਆ ਕਹਿਦੇ ਹਨ, ਉਦਾਹਰਣ ਵਜੋਂ ਸਾਊਦੀ ਮੀਡੀਆ ਲਈ ਅਸਲ ਚਿੰਤਾ ਫ਼ਲਸਤੀਨੀਆਂ ਬਾਰੇ ਨਹੀਂ ਹੈ, ਸਗੋਂ ਇਹ ਹੈ ਕਿ ਕਿਵੇਂ ਇਰਾਨ ਖਿੱਤੇ 'ਤੇ ਕਬਜ਼ਾ ਹਾਸਲ ਕਰ ਰਿਹਾ ਹੈ।ਕਰਮੂਤ ਦਾ ਮੰਨਣਾ ਹੈ ਕਿ ਹੁਣ ਹਮਾਸ ਨੂੰ ਈਰਾਨ ਤੋਂ ਸਮਰਥਨ ਅਤੇ ਵਿੱਤੀ ਮਦਦ ਮਿਲਦੀ ਹੈ ਪਰ ਜਦੋਂ ਇਸ ਫ਼ਲਸਤੀਨੀ ਸਮੂਹ ਦੀ ਸਥਾਪਨਾ ਹੋਈ ਸੀ ਤਾਂ ਇਸ ਦੇ ਕਈ ਅਰਬ ਦੇਸ਼ਾਂ ਨਾਲ ਚੰਗੇ ਸਬੰਧ ਸਨ ਪਰ ਬਾਅਦ ਵਿਚ ਅਰਬ ਦੇਸ਼ ਇਸ ਅੰਦੋਲਨ ਦੀ ਵਧਦੀ ਤਾਕਤ ਤੋਂ ਚਿੰਤਤ ਹੋਣ ਲੱਗੇ।ਉਹ ਕਹਿੰਦੇ ਹਨ ਕਿ ਜਦੋਂ ਅਰਬ ਦੇਸ਼ਾਂ ਨੇ ਉਨ੍ਹਾਂ ਲਈ ਆਪਣੇ ਦਰਵਾਜ਼ੇ ਬੰਦ ਕਰ ਦਿੱਤੇ ਸਨ ਅਤੇ ਕੋਈ ਵੀ ਉਸ ਨੂੰ ਇਜ਼ਰਾਈਲ ਨਾਲ ਲੜਨ ਲਈ ਹਥਿਆਰ ਨਹੀਂ ਦੇਣਾ ਚਾਹੁੰਦਾ ਸੀ ਤਾਂ ਉਹ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਕੁਝ ਵੀ ਕਰ ਗੁਜ਼ਰਨ ਨੂੰ ਤਿਆਰ ਸੀ।ਇਹੀ ਗੱਲ ਹਿਜ਼ਬੁੱਲ੍ਹਾ ਅਤੇ ਹੋਰ ਸਮੂਹਾਂ 'ਤੇ ਲਾਗੂ ਹੁੰਦੀ ਹੈ ਜੋ ਈਰਾਨ ਤੋਂ ਸਮਰਥਨ ਪ੍ਰਾਪਤ ਕਰਦੇ ਹਨ ਅਤੇ ਫ਼ਲਸਤੀਨੀਆਂ ਦੀ ਰੱਖਿਆ ਕਰਨਾ ਚਾਹੁੰਦੇ ਹਨ।



# ਕੀ ਹੈ ਸੋਸਲ ਮੀਡੀਆ ਦਾ ਦਿਮਾਗੀ ਸਿਹਤ 'ਤੇ ਅਸਰ ?

ਵਿਜੈ ਗਰਗ ਸਾਬਕਾ ਪੀਈਐਸ-1
ਸੇਵਾ ਮੁਕਤ ਪ੍ਰਿੰਸਪਲ, ਮਲੋਟ

ਵਿਸ਼ਵ ਦੀ ਤਿੰਨ ਬਿਲੀਅਨ ਅਬਾਦੀ 'ਚੋਂ 40 ਫੀਸਦ ਸੋਸਲ ਮੀਡੀਆ ਦਾ ਇਸਤੇਮਾਲ ਕਰਦੇ ਹਨ। ਇੱਕ ਰਿਪੋਰਟ ਮੁਤਾਬਕ ਅਸੀਂ ਹਰ ਰੋਜ ਦੋ ਘੰਟੇ ਸੇਅਰ, ਲਾਈਕ, ਟਵੀਟ ਤੇ ਅਪਡੇਟ ਕਰਨ ਵਿੱਚ ਲਗਾਉਂਦੇ ਹਾਂ।

ਕਹਿਣ ਦਾ ਭਾਵ ਹੈ ਕਿ ਹਰ ਮਿੰਟ ਅੱਧਾ ਮਿਲੀਅਨ ਟਵੀਟ ਤੇ ਸਨੈਪਚੈਟ ਫੋਟੋਆਂ ਸੇਅਰ ਕਰਨਾ। ਸੋਸਲ ਮੀਡੀਆ ਕਾਫੀ ਨਵਾਂ ਹੈ, ਇਸ ਲਈ ਖੋਜ ਨਤੀਜੇ ਵੀ ਸੀਮਿਤ ਹੀ ਹਨ। ਖੋਜ ਜੋ ਕਿ ਜਿਆਦਾਤਰ ਖੁਦ ਦੀ ਰਿਪੋਰਟਿੰਗ ਹੁੰਦੀ ਹੈ, ਘਾਟਾਂ ਭਰਪੂਰ ਹੋ ਸਕਦੀ ਹੈ ਅਤੇ ਇਹ ਵਧੇਰੇ ਫੇਸਬੁੱਕ ਉੱਤੇ ਅਧਾਰਿਤ ਹੀ ਹੁੰਦੀ ਹੈ।



**ਤਣਾਅ**

ਲੋਕ ਸੋਸਲ ਮੀਡੀਆ ਦਾ ਇਸਤੇਮਾਲ ਹਰ ਤਰ੍ਹਾਂ ਦੇ ਬਿਆਨ ਲਈ ਕਰਦੇ ਹਨ। ਚਾਹੇ ਉਹ 'ਕਸਟਮਰ ਸਰਵਿਸ' ਬਾਰੇ ਹੋਵੇ ਜਾਂ ਫਿਰ ਸਿਆਸਤ, ਪਰ ਦੁੱਖ ਵਾਲੀ ਗੱਲ ਇਹ ਹੈ ਕਿ ਇਸ ਨਾਲ ਤਣਾਅ ਹੋਣ ਦੇ ਆਸਾਰ ਬਣਦੇ ਹਨ।2015 ਵਿੱਚ ਵਾਸ਼ਿੰਗਟਨ ਡੀਸੀ ਦੇ 'ਪਿਊ ਰਿਸਰਚ ਸੈਂਟਰ' ਦੇ ਖੋਜੀਆਂ ਨੇ ਇਹ ਜਾਣਨ ਦੀ ਕੋਸਸਿ ਕੀਤੀ ਕਿ ਕੀ ਸੋਸਲ ਮੀਡੀਆ ਕਾਰਨ ਤਣਾਅ ਘੱਟਦਾ ਜਾਂ ਵੱਧਦਾ ਹੈ। 1800 ਲੋਕਾਂ ਉੱਤੇ ਸਰਵੇਅ ਕੀਤਾ ਗਿਆ। ਜਿਸ ਵਿੱਚ ਔਰਤਾਂ ਮਰਦਾਂ ਨਾਲੋਂ ਜਿਆਦਾ ਤਣਾਅ ਵਿੱਚ ਰਹਿੰਦੀਆਂ ਸਨ। ਟਵਿੱਟਰ ਇੱਕ ਵੱਡਾ ਕਾਰਨ ਪਾਇਆ ਗਿਆ ਸੀ। ਕਿਉਂਕਿ ਇਸ ਨਾਲ ਹੋਰਨਾਂ ਲੋਕਾਂ ਦੇ ਤਣਾਅ ਬਾਰੇ ਉਨ੍ਹਾਂ ਨੂੰ ਜਾਣਕਾਰੀ ਮਿਲੀ ਸੀ। ਟਵਿੱਟਰ ਉੱਤੇ ਵਧੇਰੇ ਕਾਪੀ-ਪੇਸਟ ਕਰਨ ਦਾ ਤਰੀਕਾ ਅਪਣਾਇਆ ਗਿਆ ਜਿਸ ਨੂੰ ਜਿਆਦਾਤਰ ਔਰਤਾਂ ਨੇ ਇਸਤੇਮਾਲ ਕੀਤਾ ਅਤੇ ਉਨ੍ਹਾਂ ਦਾ ਤਣਾਅ ਘਟਿਆ। ਮਰਦਾਂ ਨਾਲ ਅਜਿਹਾ ਨਹੀਂ ਸੀ, ਜਿਨ੍ਹਾਂ ਦਾ ਸੋਸਲ ਮੀਡੀਆ ਨਾਲ ਜਿਆਦਾ ਨੇੜਤਾ ਦਾ ਰਿਸਤਾ ਨਹੀਂ ਸੀ। ਖੋਜੀਆਂ ਮੁਤਾਬਕ ਸੋਸਲ ਮੀਡੀਆ 'ਥੋੜ੍ਹੇ ਘੱਟ ਪੱਧਰ' ਦਾ ਤਣਾਅ ਦਿੰਦਾ ਹੈ।

**ਮੂਡ**

2014 ਵਿੱਚ ਆਸਟਰੀਆ ਵਿੱਚ ਖੋਜਕਾਰਾਂ ਨੇ ਲੱਭਿਆ ਕਿ ਇਨਟਰਨੈੱਟ ਉੱਤੇ ਸਿਰਫ ਰਿਸਰਚ ਕਰਨ ਨਾਲੋਂ ਉਨ੍ਹਾਂ ਲੋਕਾਂ ਦਾ, ਜਿਨ੍ਹਾਂ ਨੇ 20 ਮਿੰਟ ਤੱਕ ਫੇਸਬੁੱਕ ਦਾ ਇਸਤੇਮਾਲ ਕਰਨ ਨਾਲ ਉਨ੍ਹਾਂ ਦਾ ਮੂਡ ਖਰਾਬ ਹੋ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਲੱਗਿਆ ਕਿ ਇਸ ਨਾਲ ਸਿਰਫ ਸਮੇਂ ਦੀ ਬਰਬਾਦੀ ਹੋਈ ਹੈ। 'ਯੂਨੀਵਰਸਿਟੀ ਆਫ ਕੈਲੀਫੋਰਨੀਆ' ਮੁਤਾਬਕ ਚੰਗਾ ਜਾਂ ਮਾੜਾ ਮੂਡ ਸੋਸਲ ਮੀਡੀਆ ਦਾ ਇਸਤੇਮਾਲ ਕਰਨ ਵਾਲੇ ਉਨ੍ਹਾਂ ਲੋਕਾਂ ਨੂੰ ਹੋ ਸਕਦਾ ਹੈ ਜਿਨ੍ਹਾਂ ਨੇ ਜਿਆਦਾਤਰ ਭਾਵੁਕ ਸਮੱਗਰੀ ਦਾ ਇਸਤੇਮਾਲ ਕੀਤਾ ਹੈ।

**ਬੇਚੈਨੀ**

ਖੋਜਕਾਰਾਂ ਮੁਤਾਬਕ ਸੋਸਲ ਮੀਡੀਆ ਕਰਕੇ ਬੇਚੈਨੀ ਵੀ ਹੋ ਜਾਂਦੀ ਹੈ, ਜਿਸ ਕਰਕੇ ਬੇਅਰਾਮੀ, ਚਿੰਤਾ ਵੱਧਦੀ ਹੈ ਤੇ ਸੌਣ ਵਿੱਚ ਦਿੱਕਤ ਆਉਂਦੀ ਹੈ। 'ਜਰਨਲ ਕੰਪਿਊਟਰ ਐਂਡ ਹਿਊਮਨ ਬਿਹੇਵੀਅਰ' ਵਿੱਚ ਛਪੇ ਇੱਕ ਲੇਖ ਮੁਤਾਬਕ ਜੋ ਲੋਕ ਸੱਤ ਜਾਂ ਉਸ ਤੋਂ ਵੱਧ ਸੋਸਲ ਮੀਡੀਆ ਪਲੈਟਫਾਰਮਾਂ ਦਾ ਇਸਤੇਮਾਲ ਕਰਦੇ ਹਨ, ਉਨ੍ਹਾਂ ਵਿੱਚ 0-2 ਪਲੇਟਫਾਰਮਾਂ ਦਾ ਇਸਤੇਮਾਲ ਕਰਨ ਵਾਲਿਆਂ ਨਾਲੋਂ ਤਿੰਨ ਗੁਣਾ ਜਿਆਦਾ ਬੇਚੈਨੀ ਦੇ ਲੱਛਣ ਹੁੰਦੇ ਹਨ।

**ਡਿਪਰੈਸਨ (ਉਦਾਸੀ)**

ਕੁਝ ਖੋਜਾਂ ਮੁਤਾਬਕ ਡਿਪ੍ਰੈਸਨ ਅਤੇ ਸੋਸਲ ਮੀਡੀਆ ਵਿਚਾਲੇ ਸਬੰਧ ਹੈ। ਹਾਲਾਂਕਿ ਕੁਝ ਲੋਕ ਖੋਜ ਕਰ ਰਹੇ ਹਨ ਕਿ ਸੋਸਲ ਮੀਡੀਆ ਕਿਵੇਂ ਚੰਗਾ ਸਾਧਨ ਹੋ ਸਕਦਾ ਹੈ। ਇੱਕ ਖੋਜ ਜਿਸ ਵਿੱਚ 700 ਵਿਦਿਆਰਥੀਆਂ ਨੇ ਹਿੱਸਾ ਲਿਆ ਜਿਨ੍ਹਾ ਮੁਤਾਬਕ ਮੂਡ ਖਰਾਬ ਹੋਣਾ ਅਤੇ ਅਯੋਗ ਤੇ ਨਾਉਮੀਦ ਹੋਣ ਦਾ ਅਹਿਸਾਸ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਸੋਸਲ ਮੀਡੀਆ ਦਾ ਕਿਸ ਤਰ੍ਹਾਂ ਦਾ ਇਸਤੇਮਾਲ ਕੀਤਾ ਗਿਆ ਹੈ। ਜਿਨ੍ਹਾਂ ਦਾ ਔਨਲਾਈਨ ਨੈਗੇਟਿਵ ਨਜਰੀਆ ਸੀ, ਉਨ੍ਹਾਂ ਵਿੱਚ ਡਿਪ੍ਰੈਸਨ ਦੇ ਲੱਛਣ ਗੰਭੀਰ ਸਨ। ਇਸੇ ਤਰ੍ਹਾਂ ਦੀ ਹੀ ਇੱਕ ਖੋਜ 2016 ਵਿੱਚ ਹੋਈ, ਜਿਸ ਵਿੱਚ 1700 ਲੋਕਾਂ ਨੇ ਹਿੱਸਾ ਲਿਆ। ਇਸ ਮੁਤਾਬਕ ਜਿਨ੍ਹਾਂ ਲੋਕਾਂ ਨੇ ਸੋਸਲ ਮੀਡੀਆ ਦਾ ਜਿਆਦਾ ਇਸਤੇਮਾਲ ਕੀਤਾ ਉਨ੍ਹਾਂ ਵਿੱਚ ਤਿੰਨ ਪੱਧਰੀ ਡਿਪ੍ਰੈਸਨ ਅਤੇ ਬੇਚੈਨੀ ਦਾ ਖਤਰਾ ਸੀ। ਇਸ ਦੇ ਕਾਰਨ ਸਨ-ਸਾਈਬਰ-ਬੁਲਿੰਗ (ਆਨਲਾਈਨ ਤਸ਼ੱਦਦ), ਹੋਰਨਾਂ ਦੀ ਜਿੰਦਗੀ ਦਾ ਅਧੂਰਾ ਸੱਚ ਅਤੇ ਇਹ ਸੋਚਣਾ ਕਿ ਸੋਸਲ ਮੀਡੀਆ ਉੱਤੇ ਸਮਾਂ ਬਰਬਾਦ ਹੋਇਆ।

**ਨੀਂਦ**

ਮਨੁੱਖ ਆਪਣੀ ਸਾਮ ਹਨੇਰੇ ਵਿੱਚ ਬਿਤਾਉਂਦਾ ਸੀ, ਪਰ ਹੁਣ ਹਰ ਵੇਲੇ ਅਸੀਂ ਮਸਨੂਈ ਚਾਨਣ ਵਿੱਚ ਘਿਰੇ ਰਹਿੰਦੇ ਹਾਂ। ਖੋਜਕਾਰਾਂ ਦਾ ਮੰਨਣਾ ਹੈ ਕਿ ਇਸ ਨਾਲ 'ਮੈਲਾਟੋਨਿਨ ਹਾਰਮੋਨ' ਦੀ ਪੈਦਾਵਾਰ ਵਿੱਚ ਰੁਕਾਵਟ ਹੋ ਸਕਦੀ ਹੈ, ਜਿਸ ਕਰਕੇ ਨੀਂਦ ਆਉਂਦੀ ਹੈ। ਸਮਾਰਟ ਫੋਨ ਜਾਂ ਲੈਪਟਾਪ ਦੀ ਨੀਲੀ ਰੌਸਨੀ ਇੱਕ ਵੱਡਾ ਕਾਰਨ ਹੈ। ਜੇ ਤੁਸੀਂ ਸਿਰਹਾਣੇ ਉੱਤੇ ਸਿਰ ਰੱਖ ਕੇ ਲੰਮੇ ਪਏ ਹੋ ਅਤੇ ਫੇਸਬੁੱਕ ਜਾਂ ਟਵਿੱਟਰ ਦੇਖ ਰਹੇ ਹੋ ਤਾਂ ਤੁਹਾਨੂੰ ਬੇਚੈਨੀ ਵਾਲੀ ਨੀਂਦ ਆਵੇਗੀ।

**ਆਦਤ**

ਕੁਝ ਖੋਜਕਾਰਾਂ ਦਾ ਮੰਨਣਾ ਹੈ ਕਿ ਸਿਗਰਟ ਜਾਂ ਸਰਾਬ ਨਾਲੋਂ ਵੀ ਔਖਾ ਹੈ ਟਵੀਟ ਨਾ ਕਰਨਾ, ਪਰ ਸੋਸਲ ਮੀਡੀਆ ਦੇ ਨਸੇ ਨੂੰ ਮਾਨਸਿਕ ਰੋਗਾਂ ਦੀ ਜਾਂਚ ਵੇਲੇ ਇੱਕ ਵੱਡਾ ਕਾਰਨ ਨਹੀਂ ਮੰਨਿਆ ਜਾਂਦਾ।

**ਸਵੈ-ਮਾਣ**

ਸਿਰਫ ਸੈਲਫੀਆਂ ਹੀ ਨਹੀਂ ਹਨ ਜੋ ਕਿ ਸਵੈ-ਮਾਣ ਨੂੰ ਠੇਸ ਨਹੀਂ ਪਹੁੰਚਾਉਂਦੀਆਂ ਹਨ। ਹਜਾਰ ਸਵੀਡਿਸ ਫੇਸਬੁੱਕ ਯੂਜਰਜ ਉੱਤੇ ਕੀਤੀ ਗਈ ਇੱਕ ਖੋਜ ਮੁਤਾਬਕ ਜੋ ਔਰਤਾਂ ਫੇਸਬੁੱਕ ਉੱਤੇ ਵਧੇਰੇ ਸਮਾਂ ਬਿਤਾਉਂਦੀਆਂ ਹਨ ਉਹ ਘੱਟ ਖੁਸ ਅਤੇ ਉਨ੍ਹਾਂ ਨੂੰ ਖੁਦ ਉੱਤੇ ਘੱਟ ਭਰੋਸਾ ਹੁੰਦਾ ਹੈ। ਜਦੋਂ ਫੇਸਬੁੱਕ ਯੂਜਰ ਆਪਣੀ ਜਿੰਦਗੀ ਦੀ ਤੁਲਨਾ ਹੋਰਨਾਂ ਨਾਲ ਕਰਦੇ ਹਨ ਤੇ ਦੂਜਿਆਂ ਨੂੰ ਜਿਆਦਾ ਕਾਮਯਾਬ ਅਤੇ ਖੁਸ ਦੇਖਦੇ ਹਨ ਤਾਂ ਉਨ੍ਹਾਂ ਨੂੰ ਲਗਦਾ ਹੈ ਕਿ ਉਨ੍ਹਾਂ ਦੀ ਜਿੰਦਗੀ ਜਿਆਦਾ ਸੁਖਾਲੀ ਨਹੀਂ ਹੈ।"

**ਈਰਖਾ**

ਇੱਕ ਸਰਵੇਖਣ ਜਿਸ ਵਿੱਚ 600 ਬਾਲਗ ਸਾਮਿਲ ਸਨ, ਉਨ੍ਹਾਂ ਵਿੱਚੋਂ ਤਕਰੀਬਨ 1/3 ਲੋਕਾਂ ਨੇ ਕਿਹਾ ਕਿ ਸੋਸਲ ਮੀਡੀਆ ਕਰਕੇ ਉਨ੍ਹਾਂ ਵਿੱਚ ਨਾਕਾਰਾਤਕ ਵਿਚਾਰ ਆਏ-ਖਾਸ ਕਰਕੇ ਨਿਰਾਸਾ। ਇਸ ਦੀ ਮੁੱਖ ਵਜ੍ਹਾ ਸੀ ਈਰਖਾ। ਆਪਣੀ ਜਿੰਦਗੀ ਦੀ ਹੋਰਨਾਂ ਨਾਲ ਤੁਲਨਾ ਕਰਨ ਕਰਕੇ ਅਜਿਹਾ ਹੋਇਆ। ਮੁੱਖ ਵਜ੍ਹਾ ਸੀ ਸਫਰ ਦੀਆਂ ਤਸਵੀਰਾਂ। 'ਅਮਰੀਕਨ ਜਰਨਲ ਆਫ ਪ੍ਰੀਵੈਂਟਿਵ ਮੈਡੀਸਿਨ' ਵਿੱਚ ਇੱਕ ਰਿਪੋਰਟ ਛਪੀ ਜਿਸ ਵਿੱਚ 19-32 ਉਮਰ ਵਰਗ ਦੇ ਉਨ੍ਹਾਂ 7000 ਲੋਕਾਂ ਨੂੰ ਸਾਮਿਲ ਕੀਤਾ ਗਿਆ ਸੀ ਜੋ ਆਪਣਾ ਵੱਧ ਸਮਾਂ ਸੋਸਲ ਮੀਡੀਆ ਉੱਤੇ ਲਾਉਂਦੇ ਹਨ। ਉਨ੍ਹਾਂ ਵਿੱਚ ਸਮਾਜਿਕ ਇਕੱਲਾਪਣ ਹੋਣ ਦੇ ਦੋਗੁਣਾ ਕਾਰਨ ਹਨ ਜਿਸ ਕਰਕੇ ਸਮਾਜ ਦਾ ਹਿੱਸਾ ਨਾ ਹੋਣ, ਹੋਰਨਾਂ ਨਾਲ ਗੱਲਬਾਤ ਨਾ ਕਰਨ ਅਤੇ ਰਿਸਤਿਆਂ ਨੂੰ ਨਾ ਨਿਭਾਉਣ ਦਾ ਅਹਿਸਾਸ ਹੋ ਸਕਦਾ ਹੈ।

**ਸਾਰ**

ਹਾਲਾਂਕਿ ਬਹੁਤ ਸਾਰੇ ਖੇਤਰਾਂ ਬਾਰੇ ਜਿਆਦਾ ਜਾਣਕਾਰੀ ਨਹੀਂ ਹੈ, ਫਿਰ ਵੀ ਕੁਝ ਮਜਬੂਤ ਨਤੀਜੇ ਸਾਹਮਣੇ ਆਏ ਹਨ। ਸੋਸਲ ਮੀਡੀਆ ਇੱਕ ਵੱਖਰੇ ਤਰੀਕੇ ਨਾਲ ਅਸਰ ਪਾਉਂਦਾ ਹੈ। ਇਹ ਨਿਰਭਰ ਕਰਦਾ ਹੈ ਕਿ ਪਹਿਲਾਂ ਹਾਲਾਤ ਕਿਹੋ ਜਿਹੇ ਹਨ ਅਤੇ ਸਖਸ ਦੇ ਨਿੱਜੀ ਗੁਣ ਵੀ ਮਾਅਨੇ ਰੱਖਦੇ ਹਨ ਇਹ ਕਹਿਣਾ ਗਲਤ ਹੈ ਕਿ ਸੋਸਲ ਮੀਡੀਆ ਪੂਰੀ ਦੁਨੀਆਂ ਲਈ ਮਾੜੀ ਚੀਜ ਹੈ। ਕਿਉਂਕਿ ਇਹ ਸਾਡੀਆਂ ਜਿੰਦਗੀਆਂ ਵਿੱਚ ਕਈ ਫਾਇਦੇ ਵੀ ਲੈਕੇ ਆਇਆ ਹੈ।

# ਬੱਚਿਆਂ ਵਿੱਚ ਸਕ੍ਰੀਨ ਦੀ ਆਦਤ ਵੱਧਣਾ ਇੱਕ ਗੰਭੀਰ ਸਮੱਸਿਆ

ਪ੍ਰਿਅੰਕਾ ਸੌਰਭ

ਸਕੂਲੀ ਉਮਰ ਦੇ ਬੱਚਿਆਂ ਦੇ ਮਾਪਿਆਂ ਲਈ ਜਦੋਂ ਤਕਨਾਲੋਜੀ ਦੀ ਵਰਤੋਂ ਦੀ ਗੱਲ ਆਉਂਦੀ ਹੈ ਤਾਂ ਸੀਮਾਵਾਂ ਨਿਰਧਾਰਤ ਕਰਨਾ ਮਹੱਤਵਪੂਰਨ ਹੁੰਦਾ ਹੈ। ਇੱਥੇ ਤੁਹਾਨੂੰ ਇਹ ਦੱਸਣ ਲਈ ਇੱਕ ਮਾਹਰ ਗਾਈਡ ਹੈ ਕਿ ਕਿਵੇਂ ਸਕ੍ਰੀਨ ਦੀ ਲਤ, ਜਿਵੇਂ ਕਿ ਨਸ਼ਾਖੋਰੀ, ਡੋਪਾਮਾਈਨ ਦੇ ਪੱਧਰਾਂ ਵਿੱਚ ਵਾਧਾ ਕਰਨ ਲਈ ਜਾਣੀ ਜਾਂਦੀ ਹੈ। ਜਿੰਨਾ ਜ਼ਿਆਦਾ ਸਮਾਂ ਉਹ ਸਕ੍ਰੀਨਾਂ 'ਤੇ ਬਿਤਾਉਂਦੇ ਹਨ, ਓਨਾ ਹੀ ਜ਼ਿਆਦਾ ਖ਼ਤਰਾ ਹੁੰਦਾ ਹੈ ਕਿ ਬੱਚਾ ਡਿਜੀਟਲ ਡਿਵਾਈਸ ਨਾਲ ਜੁੜ ਜਾਵੇਗਾ। ਛੋਟੇ ਬੱਚਿਆਂ ਵਿੱਚ ਸਕ੍ਰੀਨ ਦੀ ਲਤ ਇੱਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਸਕੂਲਾਂ ਵਿੱਚ ਮੋਬਾਈਲ ਫੋਨ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਨਹੀਂ ਲਗਾਈ ਜਾ ਰਹੀ ਹੈ। ਬੱਚੇ ਪਰਦੇ ਦੇ ਆਦੀ ਕਿਉਂ ਹੋ ਜਾਂਦੇ ਹਨ ਅਤੇ ਸਕੂਲ ਜਾਣ ਵਾਲੇ ਬੱਚਿਆਂ ਦੇ ਮਾਪੇ ਇਸ ਆਦਤ ਨੂੰ ਕਾਬੂ ਤੋਂ ਬਾਹਰ ਹੋਣ ਤੋਂ ਰੋਕਣ ਲਈ ਕੀ ਕਰ ਸਕਦੇ ਹਨ। ਇਹ ਸਮੇਂ ਦੀ ਲੋੜ ਹੈ ਕਿ ਸਮਾਜ ਅਤੇ ਨੀਤੀਗਤ ਦਖਲਅੰਦਾਜ਼ੀ ਸਮੁੱਚੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਸਕਰੀਨ ਅਡਿਕਸ਼ਨ ਦੀਆਂ ਚੁਣੌਤੀਆਂ ਨੂੰ ਹੱਲ ਕਰਨ ? ਭਾਰਤ ਵਿੱਚ ਮਹਾਂਮਾਰੀ ਦੇ ਬਾਅਦ ਬੱਚਿਆਂ ਲਈ ਸਕ੍ਰੀਨ ਸਮੇਂ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ, ਉਹਨਾਂ ਦੇ ਸਮਾਜਿਕ ਅਤੇ ਮਨੋਵਿਗਿਆਨਕ ਵਿਕਾਸ ਤੇ ਇਸਦੇ ਪ੍ਰਭਾਵਾਂ ਬਾਰੇ ਚਿੰਤਾਵਾਂ ਨੂੰ ਵਧਾਉਂਦੇ ਹੋਏ, ਸੰਤੁਲਿਤ ਦਖਲਅੰਦਾਜ਼ੀ ਦੀ ਜ਼ਰੂਰਤ ਹੈ। ਬਹੁਤ ਜ਼ਿਆਦਾ ਸਕ੍ਰੀਨ ਸਮਾਂ ਆਹਮੋ-ਸਾਹਮਣੇ ਗੱਲਬਾਤ ਨੂੰ ਘਟਾਉਂਦਾ ਹੈ, ਜੋ ਸਮਾਜਿਕ ਹੁਨਰ ਵਿਕਾਸ ਵਿੱਚ ਰੁਕਾਵਟ ਪਾਉਂਦਾ ਹੈ। 2024 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਪ੍ਰਤੀ ਦਿਨ 3 ਘੰਟੇ ਤੋਂ ਵੱਧ ਸਕ੍ਰੀਨ ਟਾਈਮ ਵਾਲੇ ਬੱਚਿਆਂ ਵਿੱਚ ਸਮਾਜਿਕ ਰੁਝੇਵੇਂ ਦਾ ਪੱਧਰ ਘੱਟ ਸੀ। ਸਕ੍ਰੀਨ ਅਕਸਰ ਪਰਿਵਾਰਕ ਗੱਲਬਾਤ ਦੀ ਥਾਂ ਲੈਂਦੀਆਂ ਹਨ, ਪਰਿਵਾਰਕ ਤਾਲਮੇਲ ਅਤੇ ਸਾਂਝੇ ਅਨੁਭਵਾਂ ਨੂੰ ਘਟਾਉਂਦੀਆਂ ਹਨ। ਪਰਿਵਾਰਾਂ ਨੂੰ ਭੋਜਨ ਅਤੇ ਗੱਲਬਾਤ ਵਰਗੀਆਂ ਗਤੀਵਿਧੀਆਂ 'ਤੇ ਘੱਟ ਸਮਾਂ ਬਿਤਾਉਂਦੇ ਦੇਖਿਆ ਜਾਂਦਾ ਹੈ, ਜਿਸ ਨਾਲ ਭਾਵਨਾਤਮਕ ਬੰਧਨ ਪ੍ਰਭਾਵਿਤ ਹੁੰਦਾ ਹੈ। ਡਿਜੀਟਲ ਪਰਸਪਰ ਕ੍ਰਿਆਵਾਂ 'ਤੇ ਵੱਧ ਤੋਂ ਵੱਧ ਨਿਰਭਰ ਬੱਚੇ ਵਿਅਕਤੀਗਤ ਸਮਾਜਿਕ ਸੰਕੇਤਾਂ ਅਤੇ ਸਬੰਧਾਂ ਨਾਲ ਸੰਘਰਸ਼ ਕਰ ਸਕਦੇ ਹਨ। UNICEF ਰਿਪੋਰਟ ਕਰਦਾ ਹੈ ਕਿ ਕਿਸ਼ੋਰਾਂ ਵਿੱਚ ਉੱਚ ਸਕ੍ਰੀਨ ਸਮਾਂ ਭਾਵਨਾਤਮਕ ਨਿਯਮ ਵਿੱਚ ਦੇਰੀ ਨਾਲ ਜੁੜਿਆ ਹੋਇਆ ਹੈ। ਸਕਰੀਨ ਦੀ ਲਤ ਸਰੀਰਕ ਗਤੀਵਿਧੀਆਂ ਵਿੱਚ ਬਿਤਾਏ ਸਮੇਂ ਨੂੰ ਸੀਮਿਤ ਕਰਦੀ ਹੈ, ਜਿਸ ਨਾਲ ਸੁਸਤ ਵਿਵਹਾਰ ਹੁੰਦਾ ਹੈ। ਸਿਹਤ ਮੰਤਰਾਲੇ ਦੀ 2023 ਦੀ ਰਿਪੋਰਟ ਸ਼ਹਿਰੀ ਬੱਚਿਆਂ ਵਿੱਚ ਬਾਹਰੀ ਗਤੀਵਿਧੀਆਂ ਵਿੱਚ 40% ਦੀ ਗਿਰਾਵਟ ਨੂੰ ਦਰਸਾਉਂਦੀ ਹੈ। ਸਕ੍ਰੀਨਾਂ 'ਤੇ ਬਹੁਤ ਜ਼ਿਆਦਾ ਸਮਾਂ ਬਿਤਾਉਣਾ ਬੱਚਿਆਂ ਵਿੱਚ ਚਿੰਤਾ ਅਤੇ ਉਦਾਸੀ ਵਰਗੀਆਂ ਮਾਨਸਿਕ ਸਿਹਤ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੈ। ਦਿ ਲੈਂਸੇਟ ਚਾਈਲਡ ਐਂਡ ਅਡੋਲੈਸੈਂਟ ਹੈਲਥ (2024) ਨੇ ਸਕ੍ਰੀਨ ਤੇ 4 ਘੰਟੇ ਤੋਂ ਵੱਧ ਸਮਾਂ ਬਿਤਾਉਣ ਵਾਲੇ ਕਿਸ਼ੋਰਾਂ ਵਿੱਚ ਚਿੰਤਾ ਦੇ ਲੱਛਣਾਂ ਵਿੱਚ 15% ਵਾਧਾ ਪਾਇਆ। ਤੇਜ਼-ਰਫ਼ਤਾਰ ਡਿਜੀਟਲ ਸਮੱਗਰੀ ਦੇ ਲੰਬੇ ਸਮੇਂ ਤੱਕ ਸੰਪਰਕ ਧਿਆਨ ਦੀ ਮਿਆਦ ਅਤੇ ਇਕਾਗਰਤਾ ਦੇ ਪੱਧਰ ਨੂੰ ਘਟਾ ਸਕਦਾ ਹੈ। ਏਮਜ਼ ਦਿੱਲੀ (2023) ਦੁਆਰਾ ਕਰਵਾਏ ਗਏ ਅਧਿਐਨ 1484 ਵਰਗੇ ਲੱਛਣਾਂ ਵਾਲੇ ਬੱਚਿਆਂ ਵਿੱਚ ਬਹੁਤ ਜ਼ਿਆਦਾ ਸਕ੍ਰੀਨ ਵਰਤੋਂ ਨੂੰ ਜੋੜਦੇ ਹਨ। ਸਕ੍ਰੀਨ ਲਾਈਟ ਦੇ ਐਕਸਪੋਜਰ ਨੀਂਦ ਦੇ ਚੱਕਰਾਂ ਨੂੰ ਪ੍ਰਭਾਵਤ ਕਰਦੇ ਹਨ, ਜਿਸ ਨਾਲ ਅਧੂਰੀ ਨੀਂਦ ਆਉਂਦੀ ਹੈ ਅਤੇ ਬੋਧਾਤਮਕ ਕਾਰਜ ਘਟਦੇ ਹਨ। ਇੰਡੀਅਨ ਜਰਨਲ ਆਫ਼ ਪੀਡੀਆਟ੍ਰਿਕਸ ਦੁਆਰਾ 2023 ਵਿੱਚ ਕਰਵਾਏ ਗਏ ਇੱਕ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਸੌਣ ਤੋਂ ਪਹਿਲਾਂ ਸਕ੍ਰੀਨ ਦੀ ਵਰਤੋਂ ਕਰਨ ਵਾਲੇ 60% ਬੱਚਿਆਂ ਦੀ ਨੀਂਦ ਦੇ ਪੈਟਰਨ ਵਿੱਚ ਵਿਘਨ ਪਿਆ ਸੀ। ਸੋਸ਼ਲ ਮੀਡੀਆ ਦੀ ਵਰਤੋਂ ਅਕਸਰ ਸਵੈ-ਮਾਣ ਨੂੰ ਪ੍ਰਭਾਵਤ ਕਰਦੀ ਹੈ, ਖਾਸ ਤੌਰ 'ਤੇ ਕਿਸ਼ੋਰਾਂ ਵਿੱਚ, ਗੈਰ-ਯਥਾਰਥਿਕ ਤੁਲਨਾਵਾਂ ਅਤੇ ਸਾਈਬਰ ਧੱਕੇਸ਼ਾਹੀ ਦੇ ਕਾਰਨ। ਬਹੁਤ ਜ਼ਿਆਦਾ ਸੋਸ਼ਲ ਮੀਡੀਆ ਐਕਸਪੋਜਰ ਦੇ ਕਾਰਨ ਭਾਰਤੀ ਕਿਸ਼ੋਰਾਂ ਨੂੰ ਸਵੈ-ਮਾਣ ਦੀਆਂ ਸਮੱਸਿਆਵਾਂ ਦਾ ਅਨੁਭਵ ਹੁੰਦਾ ਹੈ। ਸਕੂਲੀ ਉਮਰ ਦੇ ਬੱਚਿਆਂ ਦੇ ਮਾਪਿਆਂ ਲਈ ਜਦੋਂ ਤਕਨਾਲੋਜੀ ਦੀ ਵਰਤੋਂ ਦੀ ਗੱਲ ਆਉਂਦੀ ਹੈ ਤਾਂ ਸੀਮਾਵਾਂ ਨਿਰਧਾਰਤ ਕਰਨਾ ਮਹੱਤਵਪੂਰਨ ਹੁੰਦਾ ਹੈ। ਇੱਥੇ ਤੁਹਾਨੂੰ ਇਹ ਦੱਸਣ ਲਈ ਇੱਕ ਮਾਹਰ ਗਾਈਡ ਹੈ ਕਿ ਕਿਵੇਂ ਸਕ੍ਰੀਨ ਦੀ ਲਤ ਵਿੱਚ ਪਦਾਰਥਾਂ ਦੇ ਸਮਾਨ ਵਿਧੀ ਹੁੰਦੀ ਹੈ, ਡੋਪਾਮਾਈਨ ਵਿੱਚ ਉਹੀ ਵਾਧਾ ਪੈਦਾ ਕਰਦਾ ਹੈ। ਸਕ੍ਰੀਨ ਦੀ ਵਰਤੋਂ ਵਿੱਚ ਲਗਾਤਾਰ ਵਾਧੇ ਦੇ ਨਾਲ, ਦਿਮਾਗ ਦੇ ਸਰਕਟ ਅਨੁਕੂਲ ਹੋ ਜਾਂਦੇ ਹਨ ਅਤੇ ਡੋਪਾਮਾਈਨ ਪ੍ਰਤੀ ਘੱਟ ਸੰਵੇਦਨਸ਼ੀਲ ਹੋ ਜਾਂਦੇ ਹਨ। ਨਤੀਜੇ ਵਜੋਂ, ਜੋ ਤੁਸੀਂ ਦੇਖਦੇ ਹੋ ਉਹੀ ਖੁਸ਼ੀ ਦਾ ਅਨੁਭਵ ਕਰਨ ਲਈ ਵਧੇਰੇ ਖਪਤ ਕਰਨ ਦੀ ਵੱਧਦੀ ਲੋੜ ਹੈ। ਇੱਕ ਆਮ ਗਲਤ ਧਾਰਨਾ ਇਹ ਹੈ ਕਿ ਨਸ਼ਾ ਇੱਕ ਵਿਕਲਪ ਜਾਂ ਇੱਕ ਨੈਤਿਕ ਸਮੱਸਿਆ ਹੈ। ਸੱਚਾਈ ਇਸ ਤੋਂ ਹੋਰ ਦੂਰ ਨਹੀਂ ਹੋ ਸਕਦੀ। ਇੱਕ ਨਿਸ਼ਚਿਤ ਬਿੰਦੂ ਤੋਂ ਬਾਅਦ ਨਸ਼ਾ ਇੱਕ ਜੈਵਿਕ ਸਮੱਸਿਆ ਬਣ ਜਾਂਦੀ ਹੈ ਜੋ ਸਰੀਰਕ ਅਤੇ ਭਾਵਨਾਤਮਕ ਸਿਹਤ ਨੂੰ ਪ੍ਰਭਾਵਤ ਕਰਦੀ ਹੈ। ਮਾਪਿਆਂ ਲਈ ਦਖਲ ਦੇਣ, ਸਹੀ ਵਿਵਹਾਰ ਨੂੰ ਮਾਡਲ ਬਣਾਉਣ ਅਤੇ ਆਪਣੇ ਬੱਚਿਆਂ ਨੂੰ ਜੀਵਨ ਹੁਨਰ ਵਜੋਂ ਸਕ੍ਰੀਨ ਪ੍ਰਬੰਧਨ ਸਿਖਾਉਣ ਦੀ ਸਪੱਸ਼ਟ ਲੋੜ ਹੈ।

ਬੱਚਿਆਂ ਦੇ ਸਕ੍ਰੀਨ ਸਮੇਂ ਦਾ ਪ੍ਰਬੰਧਨ ਕਰਨ ਅਤੇ ਸਿਹਤਮੰਦ ਆਦਤਾਂ ਨੂੰ ਉਤਸ਼ਾਹਿਤ ਕਰਨ ਲਈ ਮਾਪਿਆਂ ਨੂੰ ਔਜ਼ਾਰਾਂ ਨਾਲ ਲੈਸ ਕਰੋ। ਇੰਡੀਅਨ ਅਕੈਡਮੀ ਆਫ਼ ਪੀਡੀਆਟ੍ਰਿਕਸ ਨੇ ਮਾਪਿਆਂ ਲਈ ਡਿਜੀਟਲ ਪ੍ਰਬੰਧਨ ਤੇ ਵਰਕਸ਼ਾਪਾਂ ਦੀ ਸਿਫ਼ਾਰਸ਼ ਕੀਤੀ ਹੈ। ਛੋਟੀ ਉਮਰ ਤੋਂ ਹੀ ਜ਼ਿੰਮੇਵਾਰ ਸਕ੍ਰੀਨ ਦੀ ਵਰਤੋਂ ਸਿਖਾਉਣ ਲਈ ਪਾਠਕ੍ਰਮ ਵਿੱਚ ਡਿਜੀਟਲ ਤੰਦਰੁਸਤੀ ਨੂੰ ਸ਼ਾਮਲ ਕਰੋ। ਦਿੱਲੀ ਸਰਕਾਰ ਨੇ ਚੋਣਵੇਂ ਸਕੂਲਾਂ ਵਿੱਚ ਡਿਜੀਟਲ ਸਾਖਰਤਾ ਸੈਸ਼ਨ ਸ਼ੁਰੂ ਕੀਤੇ ਹਨ। ਉਮਰ ਦੇ ਆਧਾਰ 'ਤੇ ਅਧਿਕਾਰਤ ਸਕ੍ਰੀਨ ਟਾਈਮ ਦਿਸ਼ਾ-ਨਿਰਦੇਸ਼ ਵਿਕਸਿਤ ਕਰੋ ਅਤੇ ਜਨਤਕ ਮੁਹਿੰਮਾਂ ਰਾਹੀਂ ਉਹਨਾਂ ਦਾ ਪ੍ਰਚਾਰ ਕਰੋ। WHO ਦਿਸ਼ਾ-ਨਿਰਦੇਸ਼ ਵਿਕਾਸ ਦੇ ਪੜਾਵਾਂ ਦੇ ਆਧਾਰ 'ਤੇ ਸਕ੍ਰੀਨ ਸਮੇਂ ਦੀਆਂ ਪਾਬੰਦੀਆਂ ਦਾ ਸੁਝਾਅ ਦਿੰਦੇ ਹਨ। ਸਿਹਤਮੰਦ ਸਮਾਜਿਕ ਪਰਸਪਰ ਕ੍ਰਿਆਵਾਂ ਦੇ ਨਾਲ ਡਿਜੀਟਲ ਖਪਤ ਨੂੰ ਸੰਤੁਲਿਤ ਕਰਨ ਲਈ ਬਾਹਰੀ ਅਤੇ ਸਮੂਹ ਗਤੀਵਿਧੀਆਂ ਨੂੰ ਉਤਸ਼ਾਹਿਤ ਕਰੋ। ਖੇਲੋ ਇੰਡੀਆ ਪਹਿਲਕਦਮੀ ਬੱਚਿਆਂ ਵਿੱਚ ਸਰੀਰਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀ ਹੈ, ਇਸ ਤਰ੍ਹਾਂ ਅਸਿੱਧੇ ਤੌਰ 'ਤੇ ਸਕ੍ਰੀਨ ਸਮੇਂ ਨੂੰ ਘਟਾਉਂਦੀ ਹੈ। ਸਕੂਲਾਂ ਅਤੇ ਭਾਈਚਾਰਿਆਂ ਵਿੱਚ ਤਕਨੀਕੀ-ਮੁਕਤ ਜ਼ੋਨਾਂ ਅਤੇ ਡਿਜੀਟਲ ਡੀਟੌਕਸ ਪ੍ਰੋਗਰਾਮਾਂ ਦੇ ਵਿਕਾਸ ਨੂੰ ਉਤਸ਼ਾਹਿਤ ਕਰੋ। ਕੁਝ ਸਕੂਲਾਂ ਨੇ ਬੱਚਿਆਂ ਨੂੰ ਗੈਰ-ਡਿਜੀਟਲ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਵਿੱਚ ਮਦਦ ਕਰਨ ਲਈ ਸਕ੍ਰੀਨ-ਮੁਕਤ ਦਿਨ ਦੀ ਸ਼ੁਰੂਆਤ ਕੀਤੀ ਹੈ। ਸਕ੍ਰੀਨ ਸਮੇਂ ਦੇ ਪ੍ਰਭਾਵੀ ਪ੍ਰਬੰਧਨ ਲਈ ਪਰਿਵਾਰਾਂ, ਅਧਿਆਪਕਾਂ ਅਤੇ ਨੀਤੀ ਨਿਰਮਾਤਾਵਾਂ ਨੂੰ ਸ਼ਾਮਲ ਕਰਨ ਵਾਲੇ ਬਹੁ-ਹਿੱਸੇਦਾਰ ਪਹੁੰਚ ਦੀ ਲੋੜ ਹੁੰਦੀ ਹੈ। ਇੱਕ ਸੰਤੁਲਿਤ ਡਿਜੀਟਲ ਵਾਤਾਵਰਣ ਨੂੰ ਯਕੀਨੀ ਬਣਾਉਣਾ ਅਗਲੀ ਪੀੜ੍ਹੀ ਦੇ ਸੰਪੂਰਨ ਵਿਕਾਸ ਲਈ ਮਹੱਤਵਪੂਰਨ ਹੋਵੇਗਾ, ਜਿਸ ਨਾਲ ਇੱਕ ਲਚਕੀਲੇ ਅਤੇ ਸਮਾਵੇਸ਼ੀ ਸਮਾਜ ਦਾ ਨਿਰਮਾਣ ਹੋਵੇਗਾ। ਸਕ੍ਰੀਨ ਦੀ ਲਤ ਇੱਕ ਅਸਲ ਸਮੱਸਿਆ ਹੈ ਜੋ ਮਹਾਂਮਾਰੀ ਦੇ ਕਾਰਨ ਵਿਗੜ ਗਈ ਹੈ ਅਤੇ ਬਾਲਗਾਂ ਅਤੇ ਬੱਚਿਆਂ ਦੋਵਾਂ ਨੂੰ ਪ੍ਰਭਾਵਿਤ ਕਰ ਰਹੀ ਹੈ। ਮਾਪਿਆਂ ਨੂੰ ਆਪਣੇ ਬੱਚੇ ਦੇ ਸਕ੍ਰੀਨ ਵਰਤੋਂ ਦੇ ਪੈਟਰਨਾਂ ਬਾਰੇ ਸੁਚੇਤ, ਕਿਰਿਆਸ਼ੀਲ ਅਤੇ ਰੁੱਝੇ ਰਹਿਣ ਦੀ ਲੋੜ ਹੈ। ਡਿਜੀਟਲ ਪਲੇਟਫਾਰਮਾਂ ਦੀ ਪੜਚੋਲ ਕਰਨਾ ਅਤੇ ਆਪਣੇ ਬੱਚੇ ਦੀ ਦੁਨੀਆਂ ਬਾਰੇ ਜਾਣੂੰ ਹੋਣਾ ਤੁਹਾਨੂੰ ਆਪਣੇ ਡਰ ਬਾਰੇ ਉਹਨਾਂ ਨਾਲ ਗੱਲ ਕਰਨ ਲਈ ਬਿਹਤਰ ਭਾਸ਼ਾ ਪ੍ਰਦਾਨ ਕਰ ਸਕਦਾ ਹੈ। ਥੋੜ੍ਹੇ ਸਮੇਂ ਵਿੱਚ ਸੀਮਾਵਾਂ ਨਿਰਧਾਰਤ ਕਰਨਾ ਮੁਸ਼ਕਲ ਲੱਗ ਸਕਦਾ ਹੈ ਪਰ ਲੰਬੇ ਸਮੇਂ ਵਿੱਚ ਬਹੁਤ ਲਾਭਦਾਇਕ ਹੋਵੇਗਾ।

# ਆਖਿਰਕਾਰ ਕੋਰਟ ਮੈਰਿਜ ਅਤੇ ਅੰਤਰ ਜਾਤੀ ਵਿਆਹ ਕਿਉ ਘੱਟ ਹੁੰਦੇ ਹਨ ਸਫਲ ?



ਸਕਾਊਟ ਮਾਸਟਰ ਸੰਦੀਪ ਕੰਬੋਜ
ਸੰਪਰਕ ਨੰਬਰ- 98594-00002

ਰੱਬ ਨੇ ਸਾਰੇ ਇਨਸਾਨਾਂ ਨੂੰ ਇਕੋ ਜਿਹਾ ਬਣਾਇਆ ਹੈ। ਕਿਸੇ ਇਨਸਾਨ ਦੀ ਕੋਈ ਵੀ ਜਾਤ- ਪਾਤ ਰੱਬ ਦੁਆਰਾ ਨਹੀਂ ਬਣਾਈ ਗਈ ਪਰ ਜਦੋਂ ਇਨਸਾਨ ਧਰਤੀ ਤੇ ਆਇਆ ਤਾਂ ਇਨਸਾਨ ਨੇ ਬਹੁਤ ਸਾਰੀਆਂ ਜਾਤਾ- ਪਾਤਾ ਬਣਾ ਦਿੱਤੀਆਂ। ਪਹਿਲਾਂ ਜੇਕਰ ਮਾਂ ਬਾਪ ਨੇ ਆਪਣੇ ਲੜਕੇ ਜਾਂ ਲੜਕੀ ਦਾ ਰਿਸਤਾ ਕਰਨਾ ਹੁੰਦਾ ਸੀ ਤਾਂ ਉਹ ਆਪਣੀ ਹੀ ਜਾਤ ਦੇ ਵਿੱਚ ਕੀਤਾ ਜਾਂਦਾ ਸੀ ਅਤੇ ਰਿਸਤਾ ਪਸੰਦ ਵੀ ਮਾਂ ਬਾਪ ਹੀ ਕਰਦੇ ਸਨ ਅਤੇ ਬਹੁਤ ਰਿਸਤਿਆਂ ਵਿੱਚ ਤਾਂ ਮੁੰਡੇ ਕੁੜੀ ਇਕ ਦੂਸਰੇ ਨੂੰ ਵਿਆਹ ਤੋਂ ਪਹਿਲਾਂ ਦੇਖਦੇ ਵੀ ਨਹੀਂ ਸਨ । ਵਿਆਹ ਵਾਲੇ ਦਿਨ ਹੀ ਮੁੰਡਾ ਕੁੜੀ ਇਕ ਦੂਸਰੇ ਨੂੰ ਦੇਖਦੇ ਸਨ ਅਤੇ ਉਹ ਰਿਸਤੇ ਬਹੁਤ ਜਆਿਦਾ ਵਧੀਆ ਨਿਭਦੇ ਸਨ। ਜਿਵੇਂ ਜਿਵੇਂ ਸਮਾਂ ਬਦਲਦਾ ਗਿਆ ਮਾਂ ਬਾਪ ਨੇ ਆਪਣੇ ਮੁੰਡੇ ਕੁੜੀਆਂ ਨੂੰ ਵੀ ਰਿਸਤੇ ਵਿੱਚ ਇਕ ਦੂਸਰੇ ਨੂੰ ਦਿਖਾਉਣਾ ਸੂਰੂ ਕਰ ਦਿੱਤਾ,ਜੇਕਰ ਸਾਰੇ ਪਰਿਵਾਰ ਅਤੇ ਮੁੰਡੇ ਨੂੰ ਕੁੜੀ ਜਾਂ ਕੁੜੀ ਨੂੰ ਮੁੰਡਾ ਪਸੰਦ ਹੋਵੇ ਤਾਂ ਰਿਸਤਾ ਹੋ ਜਾਂਦਾ ਜੇਕਰ ਸਾਰੇ ਪਰਿਵਾਰ ਨੂੰ ਨਾਂ ਪਸੰਦ ਹੋਵੇ ਤਾਂ ਉਹ ਰਿਸਤਾ ਨਹੀਂ ਹੁੰਦਾ ਸੀ।ਪਰ ਇਹ ਰਿਸਤੇ ਵੀ ਲਗਭਗ ਪਰਿਵਾਰ ਵਾਲਿਆਂ ਦੀ ਸਹਿਮਤੀ ਨਾਲ ਹੁੰਦੇ ਸਨ ਅਤੇ ਵਿਆਹ ਤੋਂ ਬਾਅਦ ਕੋਈ ਵੀ ਮੁਸੀਬਤ ਪੈਣ ਤੇ ਪਰਿਵਾਰ ਵਾਲੇ ਕੁੜੀ ਮੁੰਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਦੇ ਹਨ ਅਤੇ ਰਿਸਤਾ ਵਧੀਆ ਨਿਭਦਾ ਰਹਿੰਦਾ ਸੀ।ਪਰ ਅੱਜ ਕੱਲ ਸਮਾਂ ਬਹੁਤ ਜਆਿਦਾ ਅਡਵਾਂਸ ਹੋ ਗਿਆ ਬਹੁਤ ਜਆਿਦਾ ਮੁੰਡੇ ਕੁੜੀਆਂ ਘਰ ਵਾਲਿਆਂ ਦੀ ਮਰਜੀ ਤੋਂ ਬਿਨਾਂ ਹੀ ਅੰਤਰਜਾਤੀ ਵਿਆਹ ਕਰਵਾ ਰਹੇ ਹਨ ।ਕਈ ਵਾਰ ਤਾਂ ਅੰਤਰ ਜਾਤੀ ਮੁੰਡੇ ਕੁੜੀ ਇਕ ਦੂਸਰੇ ਨੂੰ ਪਸੰਦ ਕਰ ਕੇ ਘਰ ਦਿਆਂ ਨੂੰ ਮਨਾਉਣ ਦੀ ਕੋਸਸਿ ਕਰਦੇ ਹਨ ਅਤੇ ਘਰ ਵਾਲੇ ਮੰਨ ਜਾਣ ਤਾਂ ਲਵ ਮੈਰਿਜ ਵੀ ਅਰੈਂਜ ਮੈਰਿਜ ਬਣ ਜਾਂਦੀ ਹੈ ਅਤੇ ਘਰ ਵਾਲੇ ਖੁਸੀ ਨਾ ਸਹੀ ਮਜਬੂਰੀ ਵੱਸ ਵਿਆਹ ਕਰ ਦਿੰਦੇ ਹਨ।ਪਰ ਜਦੋਂ ਕਦੇ ਅੰਤਰਜਾਤੀ ਲਵ ਮੈਰਿਜ ਕਰਾਉਣ ਸਮੇਂ ਕੁੜੀ ਜਾਂ ਮੁੰਡੇ ਦੇ ਘਰ ਵਾਲੇ ਨਹੀਂ ਮੰਨਦੇ ਤਾਂ ਕੁੜੀ ਮੁੰਡਾ ਘਰ ਵਾਲਿਆਂ ਦੀ ਮਰਜੀ ਤੋਂ ਬਿਨਾਂ ਹੀ ਕੋਰਟ ਮੈਰਿਜ ਕਰਵਾ ਲੈਂਦੇ ਹਨ ਅਤੇ ਕੁਝ ਸਮਾਂ ਬਾਹਰ ਰਹਿਣ ਤੋਂ ਬਾਅਦ ਮੁੰਡਾ ਆਪਣੇ ਘਰ ਹੀ ਕੁੜੀ ਨਾਲ ਕੋਰਟ ਮੈਰਿਜ ਕਰਵਾ ਕੇ ਆ ਜਾਂਦਾ ਹੈ। ਜੇਕਰ ਕੋਈ ਨੀਵੀਂ ਜਾਤ ਦਾ ਕੋਈ ਧੀ-ਪੁੱਤ ਕਿਸੇ ਉੱਚੀ ਜਾਤੀ ਦੇ ਕੁੜੀ ਜਾਂ ਮੁੰਡੇ ਨੂੰ ਆਪਣੇ ਜੀਵਨ ਸਾਥੀ ਵਜੋਂ ਚੁਣਨ ਦਾ ਫੈਸਲਾ ਲੈਂਦਾ ਹੈ ਤਾਂ ਸਾਡੇ ਸਮਾਜ ਵਿੱਚ ਉਹਨਾਂ ਨਾਲ਼ ਜੋ ਹੁੰਦਾ ਹੈ ਉਹ ਕਿਸੇ ਤੋਂ ਲੁਕਿਆ ਹੋਇਆ ਨਹੀਂ।ਬਹੁਤੇ ਕੇਸਾਂ ਵਿੱਚ ਤਾਂ ਅਣਖ ਦੇ ਨਾਂ 'ਤੇ ਕਤਲ ਤੱਕ ਹੁੰਦੇ ਹਨ। ਜੋ ਜਿਉਂਦੇ ਰਹਿ ਵੀ ਜਾਂਦੇ ਹਨ ਸਮਾਜ ਉਹਨਾਂ ਨੂੰ ਮਿਹਣੇ ਦੇ-ਦੇ ਕੇ ਮਾਰਨ ਦੀ ਕੋਈ ਕਸਰ ਨਹੀਂ ਛੱਡਦਾ। ਇੰਟਰ ਕਾਸਟ ਮੈਰਿਜ ਵਿੱਚ ਸਭ ਤੋ ਵੱਡੀ ਮੁਸਕਿਲ ਇਹ ਆਉਂਦੀ ਹੈ ਕਿ ਹਰੇਕ ਬਰਾਦਰੀ ਦੇ ਰੀਤੀ ਰਿਵਾਜ , ਰਹਿਣ ਸਹਿਣ ਅਤੇ ਖਾਣ-ਪੀਣ ਦੇ ਸਿਸਟਮ ਅਲੱਗ ਅਲੱਗ ਹਨ। ਜਦੋਂ ਕੋਈ ਕੁੜੀ ਆਪਣੇ ਸਹੁਰੇ ਘਰ ਲਵ ਮੈਰਿਜ ਜਾ ਕੋਰਟ ਮੈਰਿਜ ਕਰਵਾ ਕੇ ਜਾਂਦੀ ਹੈ ਤਾਂ ਸੱਸ,ਸਹੁਰਾ ਅਤੇ ਬਾਕੀ ਰਿਸਤੇਦਾਰ ਉਸ ਕੁੜੀ ਨੂੰ ਚੰਗਾ ਨਹੀਂ ਸਮਝਦੇ ਕਿਉਂਕਿ ਉਸ ਕੁੜੀ ਨੇ ਆਪਣੇ ਮਾਤਾ-ਪਿਤਾ ਦੀ ਮਰਜੀ ਤੋਂ ਬਿਨਾਂ ਵਿਆਹ ਕਰਵਾਇਆ ਹੁੰਦਾ ਹੈ। ਜੇਕਰ ਮੁੰਡਾ ਵੀ ਕਈ ਵਾਰ ਪਤਨੀ ਦੀ ਸਪੋਰਟ ਕਰੇ ਤਾਂ ਘਰ ਵਾਲੇ ਮੁੰਡੇ ਨਾਲ ਵੀ ਚੰਗਾ ਵਿਵਹਾਰ ਨਹੀਂ ਕਰਦੇ।ਹਰੇਕ ਬਿਰਾਦਰੀ ਦੇ ਵੱਖ-ਵੱਖ ਰੀਤੀ ਰਿਵਾਜ ਹੋਣ ਕਰਕੇ ਕੁੜੀ ਨੂੰ ਦੂਸਰੀ ਬਿਰਾਦਰੀ ਦੇ ਮੁੰਡੇ ਵਾਲਿਆਂ ਘਰ ਅਡਜਸਟਮੈਂਟ ਕਰਨਾ ਬਹੁਤ ਜਆਿਦਾ ਔਖਾ ਹੋ ਜਾਂਦਾ ਹੈ ਅਤੇ ਸੱਸ ਨੂੰ ਨੂੰਹ ਨਾਲ ਅਡਜਸਟਮੈਂਟ ਕਰਨਾ ਹੋਰ ਵੀ ਔਖਾ ਹੋ ਜਾਂਦਾ ਹੈ ਕਿਉਂਕਿ ਹਰੇਕ ਬਰਾਦਰੀ ਦੇ ਰਹਿਣ ਸਹਿਣ ਦੇ ਢੰਗ ਅਲੱਗ ਅਲੱਗ ਹਨ ।ਉਦਾਹਰਨ ਵਜੋਂ ਜੇਕਰ ਕਿਸੇ ਹੋਰ ਜਾਤੀ ਦੇ ਪਰਿਵਾਰ ਦਾ ਰਿਸਤਾ ਕਿਸੇ ਦੂਸਰੀ ਬਰਾਦਰੀ ਵਾਲੇ ਘਰ ਨਾਲ ਜੁੜ ਜਾਂਦਾ ਹੈ ਤਾਂ ਕਈ ਵਾਰ ਉਹਨਾਂ ਦੇ ਆਪਸੀ ਰੀਤੀ ਰਿਵਾਜ ਅਤੇ ਰਹਿਣ ਸਹਿਣ ਦਾ ਢੰਗ ਆਪਸ ਵਿੱਚ ਮੇਲ ਨਹੀਂ ਖਾਂਦੇ ਕਿਉਂਕਿ ਕਈ ਬਰਾਦਰੀਆਂ ਦਾ ਰਹਿਣ ਸਹਿਣ ਦਾ ਸਿਸਟਮ ਬਹੁਤ ਜਆਿਦਾ ਖੁੱਲਾ - ਡੁੱਲਾ ਅਤੇ ਖੇਤ - ਘਰ ਵਿੱਚ ਹੱਥੀਂ ਕੰਮ ਕਾਰ ਕਰਨ ਵਾਲਾ ਹੁੰਦਾ ਹੈ ਪਰ ਦੂਸਰੀ ਬਰਾਦਰੀ ਵਿੱਚ ਜਆਿਦਾਤਰ ਜੀਂਦਗੀ ਐਸ ਪ੍ਰਸਤੀ ਦੀ ਹੁੰਦੀ ਹੈ ਜਿਵੇਂ ਕਿ ਲੇਟ ਉੱਠਣਾ,ਘਰ ਵਿੱਚ ਨੌਕਰ ਨੇ ਝਾੜੂ ਪੋਚਾ ਕਰਨਾ,ਨੌਕਰਾਨੀ ਨੇ ਕੱਪੜੇ ਧੋਣੇ ਅਤੇ ਖਾਣਾਂ ਬਣਾਉਣਾ ਆਦਿ।ਇਹੀ ਸਭ ਫਰਕ ਕਰਕੇ ਅੰਤਰਜਾਤੀ ਵਿਆਹ ਬਹੁਤ ਜਆਿਦਾ ਘੱਟ ਸਫਲ ਹੁੰਦੇ ਹਨ ਅਤੇ ਘਰ ਵਿੱਚ ਹਰ ਰੋਜ ਲੜਾਈਆਂ ਹੀ ਹੁੰਦੀਆਂ ਰਹਿੰਦੀਆਂ ਹਨ।ਜਿਹੜੀ ਕੁੜੀ ਕੋਰਟ ਮੈਰਿਜ ਕਰਵਾ ਕੇ ਸਹੁਰੇ ਘਰ ਆਉਂਦੀ ਹੈ ਉਹ ਕੁੜੀ ਆਪਣੇ ਵੱਲੋਂ ਹਰ ਸੰਭਵ ਕੋਸਸਿ ਕਰਦੀ ਹੈ ਸਹੁਰੇ ਘਰ ਵਸਣ ਦੀ।ਉਹ ਕੁੜੀ ਚਾਹੇ ਪਿਛੋਂ ਪੇਕੇ ਘਰ ਜਿੰਨੀ ਮਰਜੀ ਲਗਜਰੀ ਜੀਂਦਗੀ ਛੱਡ ਕੇ ਆਈ ਹੋਵੇ ਪਰ ਉਹ ਸਹੁਰੇ ਘਰ ਹਰ ਹਾਲਤ ਵਿੱਚ ਆਪਣੇ ਆਪ ਨੂੰ ਅਡਜਸਟਮੈਂਟ ਕਰਨ ਦੀ ਪੂਰੀ ਕੋਸਸਿ ਕਰਦੀ ਹੈ ਪਰ ਜਆਿਦਾਤਰ ਸੱਸਾ ਵੱਲੋਂ ਉਹਨਾਂ ਨੂੰ ਹਰ ਗੱਲ ਨਾਲ ਘਰੋਂ ਭੱਜ ਕੇ ਵਿਆਹ ਕਰਵਾਉਣ ਦਾ ਤਾਹਨਾ ਮੇਹਨਾ ਮਾਰਿਆ ਜਾਂਦਾ ਹੈ ਅਤੇ ਗੱਲ ਗੱਲ ਤੇ ਜਲੀਲ ਕੀਤਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਜਿਹੜੀ ਕੁੜੀ ਆਪਣੇ ਘਰ ਵਾਲਿਆਂ ਦੀ ਨਹੀਂ ਹੋਈ ਉਹਨੇ ਸਾਡਾ ਕੀ ਹੋਣਾ। ਕਈ ਵਾਰ ਸੱਸ ਵੱਲੋਂ ਆਪਣੇ ਪੁੱਤਰ ਨੂੰ ਚੰਗਾ ਸਮਝਿਆ ਜਾਂਦਾ ਹੈ ਪਰ ਨਹੁੰ ਨੂੰ ਨਹੀਂ।ਇਸ ਸਭ ਦੇ ਵਿਚਕਾਰ ਮੁੰਡਾ ਅੱਧ ਵਿਚਕਾਰ ਫਸ ਜਾਂਦਾ ਹੈ ਜੇਕਰ ਮੁੰਡਾ ਮਾਂ ਦੀ ਗੱਲ ਮੰਨੇ ਤਾਂ ਘਰਵਾਲੀ ਲੜਦੀ ਹੈ ਅਤੇ ਘਰਵਾਲੀ ਦੀ ਗੱਲ ਮੰਨੇ ਤਾਂ ਮਾਂ ਲੜਦੀ ਹੈ।ਜੇਕਰ ਮੁੰਡੇ ਕੁੜੀ ਦੀ ਆਪਸ ਵਿੱਚ ਬਣ ਜਾਵੇ ਫਿਰ ਤਾਂ ਕਿਸੇ ਹੱਦ ਤੱਕ ਜੀਂਦਗੀ ਵਧੀਆ ਬਤੀਤ ਹੋ ਜਾਂਦੀ ਹੈ ਪਰ ਜੇਕਰ ਮੁੰਡੇ ਕੁੜੀ ਦੀ ਆਪਸ ਵਿੱਚ ਵੀ ਨਾਂ ਬਣੇ ਤਾਂ ਮੁੰਡਾ ਵੀ ਆਪਣੀ ਮਾਂ ਦੀ ਤਰਫ ਹੋ ਜਾਂਦਾ ਹੈ ਅਤੇ ਕੁੜੀ ਇਕੱਲੀ ਹਰ ਰੋਜ ਲੜਾਈਆਂ ਵਾਲੀ ਨਰਕ ਭਰੀ ਜੀਂਦਗੀ ਬਤੀਤ ਕਰਨ ਲਈ ਮਜਬੂਰ ਹੋ ਜਾਂਦੀ ਹੈ ਅਤੇ ਫਿਰ ਗੱਲ ਤਲਾਕ ਤੱਕ ਪਹੁੰਚ ਜਾਂਦੀ ਹੈ ਪਰ ਇਸ ਸਭ ਮੁਸੀਬਤ ਵਿੱਚ ਕੁੜੀ ਦੇ ਮਾਂ ਬਾਪ ਅਤੇ ਰਿਸਤੇਦਾਰ ਵੀ ਕੁੜੀ ਦੀ ਕੋਈ ਸਪੋਰਟ ਜਾ ਮਦਦ ਨਹੀਂ ਕਰਦੇ ਕਿਉਂਕਿ ਕੁੜੀ ਨੇ ਪਹਿਲਾਂ ਹੀ ਆਪਣੇ ਮਾਂ ਬਾਪ ਨੂੰ ਛੱਡ ਕੇ ਆਪਣੀ ਮਰਜੀ ਨਾਲ ਵਿਆਹ ਕਰਵਾਇਆ ਹੁੰਦਾ ਹੈ। ਸਾਡਾ ਸਮਾਜ ਲਵ ਮੈਰਿਜ ਜਾ ਕੋਰਟ ਮੈਰਿਜ ਨੂੰ ਬਹੁਤ ਜਆਿਦਾ ਘੱਟ ਪਸੰਦ ਕਰਦਾ ਹੈ।

# ਮਿੰਨੀ ਕਹਾਣੀ ਕਾਤਲ

ਸ਼ੀਰੇ ਮੈਂਬਰ ਦਾ ਫੋਨ ਆਇਆ," ਮਾਸਟਰ , ਭਾਣਾ ਵਰਤ ਗਿਆ, ਡਾਕਟਰ ਨੇ ਫਾਹਾ ਲੈ ਲਿਆ ਏ, ਜਲਦੀ ਆ" । ਮੈਨੂੰ ਇੰਝ ਜਾਪਿਆ ਜਿਵੇਂ ਅੱਜ ਤਾਂ ਸਿਰਫ ਐਲਾਨ ਹੋਇਆ, ਮੇਰਾ ਖਾਸ ਯਾਰ ਬਲਦੇਵ ਡਾਕਟਰ ਤਾਂ ਕਿੰਨਾਂ ਚਿਰ ਪਹਿਲਾਂ ਈ ਮਰ ਚੁੱਕਾ ਸੀ ਹਾਲਾਂਕਿ ਮੈਂ ਹਰਸੰਭਵ ਕੋਸ਼ਿਸ਼ ਕੀਤੀ ਪਰ ਉਸਨੂੰ ਨ੍ਹੀਂ ਬਚਾ ਸਕਿਆ। ਜੀਤੋ ਵਾਰ-ਵਾਰ ਬੇਹੋਸ਼ ਹੋ ਰਹੀ ਸੀ, ਪਰ ਜਦੋਂ ਧੀ ਸਿੰਮੀ ਰੋਂਦੀ ਹੋਈ ਅੰਦਰ ਆਉਣ ਲੱਗੀ ਤਾਂ ਪਤਾ ਨ੍ਹੀਂ ਕਿਧਰੋਂ ਤਾਕਤ ਆਈ," ਦਫਾ ਹੋ ਜਾ, ਕਾਤਲ ਏ ਤੂੰ , ਕਾਤਲ , ਮੈਨੂੰ ਰੰਡੀ ਕਰਨ ਆਲੀ ਕਾਤਲ ਤੂੰ ਏ, ਕਾਤਲ,,ਕਾਤਲ" । ਜੀਤੋ ਫੇਰ ਬੇਹੋਸ਼ ਹੋ ਗਈ। ਪਿੰਡ ਦਾ ਸਰਬ ਸਾਂਝਾ ਆਰ ਐਮ ਪੀ ਡਾਕਟਰ, ਜੋ ਪੈਸੇ ਲਈ ਨਹੀਂ ਸਗੋਂ ਸੇਵਾ ਲਈ ਡਾਕਟਰੀ ਕਰਦਾ, ਪੂਰਾ ਪਿੰਡ ਬਲਦੇਵ ਦੀ ਇੱਜ਼ਤ ਕਰਦਾ। ਪੰਜ ਕਿਲਿਆਂ ਦਾ ਮਾਲਕ, ਨਿਮਰ ਤੇ ਸਰਬ ਸੰਤੋਖ ਵਾਲਾ ਇਨਸਾਨ। ਬਲਦੇਵ ਦੇ ਘਰ ਮੁੰਡੇ ਤੋਂ ਬਾਅਦ ਜਦੋਂ ਸਿੰਮੀ ਨੇ ਜਨਮ ਲਿਆ ਤਾਂ ਬਲਦੇਵ ਨੇ ਪੂਰਾ ਚਾਅ ਕੀਤਾ। ਉਹ ਸਮਾਜ ਚ ਧੀਆਂ ਦੀ ਦਸ਼ਾ ਤੇ ਵਿਤਕਰੇ ਪ੍ਰਤਿ ਲੋਕਾਂ ਨੂੰ ਸਮਝਾਉਂਦਾ ਤੇ ਪਿੰਡ ਚ ਸਾਂਝੇ ਪ੍ਰੋਗਰਾਮਾਂ ਚ ਬਹੁਤ ਵਧੀਆ ਵਿਚਾਰ ਰੱਖਦਾ। ਸਿੰਮੀ ਪਹਿਲੀ ਕੁੜੀ ਬਣੀ ਜਿਸਦੀ ਪੂਰੇ ਪਿੰਡ ਨੂੰ ਪਾਰਟੀ ਕੀਤੀ ਗਈ। ਘਰ ਦੇ ਆਮ ਹਾਲਾਤ ਪਰ ਬਲਦੇਵ ਨੇ ਧੀ ਦਾ ਹਰ ਸ਼ੌਂਕ ਪੂਰਾ ਕਰਨਾ, ਵਧੀਆ ਸਕੂਲੀ ਪੜਾਈ ਤੋਂ ਬਾਅਦ ਵੱਡੇ ਕਾਲਜ ਚ ਮੋਟੀ ਫੀਸ ਭਰ ਦਾਖਲ ਕਰਵਾਇਆ। ਬਲਦੇਵ, ਸਿੰਮੀ ਨੂੰ ਬਹੁਤ ਜਿਆਦਾ ਪਿਆਰ ਕਰਦਾ ਤੇ ਸਿੰਮੀ ਨੂੰ ਵੀ ਆਪਣਾ ਬਾਪੂ ਹੀਰੋ ਈ ਜਾਪਦਾ ਸੀ, ਬਲਦੇਵ ਕਦੇ ਸਿੰਮੀ ਤੋਂ ਬਿਨਾਂ ਖਾਣਾ ਨਾਂ ਖਾਂਦਾ ।ਸਾਇੰਸ ਦੀ ਬੈਚਲਰ ਡਿਗਰੀ ਕਰਦੀ ਸੋਹਣੀ ਸੁਨੱਖੀ ਸਿੰਮੀ , ਕਾਲਜ ਦੀ ਸੜਕ ਦੇ ਪੱਕੇ ਸ਼ਿੰਗਾਰ, ਵਿਹਲੜ, ਫੁਕਰੇ ਗੈਰੀ ਨੂੰ ਕਦੋਂ ਆਪਣੇ ਬਾਪ ਤੋਂ ਵੱਡਾ ਹੀਰੋ ਸਮਝਣ ਲੱਗ ਗਈ ,ਪਤਾ ਈ ਨਾਂ ਲੱਗਾ ।ਬਲਦੇਵ ਦੀ ਮਾਮੀ ਨੇ ਆਪਣੇ ਭਤੀਜੇ, ਨੰਬਰਦਾਰ ਦੇ ਮੁੰਡੇ ਦੇ ਲਈ ਸਿੰਮੀ ਦੀ ਗੱਲ ਤੋਰੀ, ਮੁੰਡਾ ਸਾਊ, ਵਧੀਆ ਪਰਿਵਾਰ ,ਪਰ ਬਲਦੇਵ ਨੇ ਨਾਂਹ ਕਰ ਦਿੱਤੀ,ਅਸਲ ਚ ਸਿੰਮੀ ਲਈ ਉਹਦੇ ਸੁਪਨੇ ਬਹੁਤ ਵੱਡੇ ਸਨ।

ਜਦੋਂ ਜਵਾਨ ਧੀ, ਕਿਸੇ ਗੈਰ ਨਾਲ ਅਚਨਚੇਤ ਨੇੜੇ ਹੋਜੇ ਤਾਂ ਮਾਂ ਦੀ ਅੱਖ ਝੱਟ ਪਛਾਣ ਜਾਂਦੀ ਏ, ਜਦੋਂ ਮਾਂ ਨੇ ਸਿੰਮੀ ਤੇ ਸਖਤੀ ਕੀਤੀ ਤਾਂ ਉਹਨੇ ਗੈਰੀ ਬਾਰੇ ਦੱਸ ਦਿੱਤਾ। ਬਲਦੇਵ ਨੂੰ ਤਾਂ ਯਕੀਨ ਈ ਨਾਂ ਆਇਆ ਪਰ ਸਿੰਮੀ , ਗੈਰੀ ਦੇ ਅਖੌਤੀ ਇਸ਼ਕ ਚ ਮਾਪਿਆਂ ਦੇ ਪਵਿੱਤਰ ਪਿਆਰ ਨੂੰ ਪਹਿਲਾਂ ਈ ਭੁੱਲ ਚੁੱਕੀ ਸੀ, ਅੱਜ ਉਹਨੇ ਆਪਣੇ ਬਾਪ ਬਲਦੇਵ ਨੂੰ ਗੈਰੀ ਨਾਲ ਹੀ ਵਿਆਹ ਕਰਵਾਉਣ ਦੀ ਗੱਲ ਸਾਫ ਕਹਿ ਦਿੱਤੀ ਤਾਂ ਬਲਦੇਵ ਹੱਕਾ-ਬੱਕਾ ਰਹਿ ਗਿਆ। ਸੁਪਨੇ ਟੁੱਟਣ ਤੇ ਵੀ ਬਲਦੇਵ ਨੇ ਸਿਆਣਪ ਵਰਤਦਿਆਂ ਗੈਰੀ ਨੂੰ ਤੇ ਪਰਿਵਾਰ ਨੂੰ ਮਿਲਣ ਦੀ ਗੱਲ ਆਖਦਿਆਂ ਧੀ ਨੂੰ ਕੁਝ ਨਾਂ ਕਿਹਾ। ਵਿਹਲੜ ਗੈਰੀ ਦੇ ਸੱਚ ਦਾ ਪਤਾ ਲੱਗਣ ਤੇ ਬਲਦੇਵ ਨੇ ਸਿੰਮੀ ਨੂੰ ਸਮਝਾਉਣ ਲਈ ਵਾਅ ਲਾ ਦਿੱਤੀ ਪਰ ਕਈ ਕੁੜੀਆਂ ਆਪਣੇ ਪੂਰੇ ਇਲਾਕੇ ਚ ਅਗਲੇ ਕਈ ਸਾਲਾਂ ਤੱਕ ਕੁੜੀਆਂ ਤੇ ਪਾਬੰਦੀਆਂ ਲਵਾਉਣ ਦਾ ਕਾਰਨ ਬਣਦੀਆਂ ਨੇਂ, ਸਿੰਮੀ ਵੀ ਬਣੀ, ਹੈਰੀ ਨਾਲ ਭੱਜ, ਕੋਰਟ ਚ ਵਿਆਹ ਰਚਾਉਣ ਤੋਂ ਬਾਅਦ ਥਾਣੇ ਚ ਬਲਦੇਵ ਖਿਲਾਫ ਈ ਸ਼ਿਕਾਇਤ ਕਰ ਦਿੱਤੀ। ਅਗਲੇ ਦਿਨ ਅਖਬਾਰ ਦੀ ਵੱਡੀ ਖਬਰ ਸੀ, "ਕਲਯੁੱਗੀ ਪਿਓ, ਧੀ ਤੇ ਰੱਖਦਾ ਸੀ ਬੁਰੀ ਨਜ਼ਰ, ਬਹਾਦਰ ਧੀ ਨੇ ਲਵ ਮੈਰਿਜ ਕਰਾ ਪਾਈ ਆਜਾਦੀ" ।ਆਹ ਤਾਂ ਬਸ ਕਹਾਣੀ ਸੀ ਪਰ ਸਾਡੇ ਦੇਸ਼ ਵਿੱਚ ਦਰਜ ਕਰਵਾਏ ਜਾਣ ਵਾਲੇ ਬਲਾਤਕਾਰ ਤੇ ਦਾਜ ਦੇ ਜਿਆਦਾਤਰ ਕੇਸ ਫਰਜ਼ੀ ਪਾਏ ਜਾਂਦੇ ਹਨ। ਸੋ ਇਸ ਤਰਾਂ ਦੀ ਸਿਰਫ ਸ਼ਿਕਾਇਤ ਦਰਜ ਹੋਣ ਤੇ ਕਿਸੇ ਨੂੰ ਦੋਸ਼ੀ ਨ੍ਹੀਂ ਮੰਨ੍ਹ ਲੈਣਾ ਚਾਹੀਦਾ। ਹਰੇਕ ਮਰਦ ਜਾਲਮ ਨ੍ਹੀਂ ਹੁੰਦਾ ਤੇ ਹਰੇਕ ਔਰਤ ਨਿਰਦੋਸ਼,ਅਬਲਾ ਨਹੀਂ ਹੁੰਦੀ।

**ਅਸ਼ੋਕ ਸੋਨੀ , ਕਾਲਮਨਵੀਸ**
**ਪਿੰਡ ਖੂਈ ਖੇੜਾ, ਫਾਜ਼ਿਲਕਾ, ਪੰਜਾਬ**
**9872705078**

# ਭਾਰਤ ਦੀ ਸਥਿਤੀ

ਭਾਰਤ ਦੀ ਸਥਿਤੀ ਬਹੁਤ ਗੰਭੀਰ ਹੈ ਤੇ ਤਰਸਯੋਗ ਨਜਰ ਆਉਂਦੀ ਹੈ ।ਸਦੀਆਂ ਤੋਂ ਕਿਹਾ ਜਾ ਰਿਹਾ ਹੈ ਕਿ ਭਾਰਤ ਪੂਰੀ ਦੁਨੀਆਂ ਵਿੱਚ ਵੱਡਾ ਲੋਕਤੰਤਰ ਹੈ।ਪਰ ਇੱਥੇ ਅੰਨਦਾਤਾ ਫਾਹਾ ਲੈ ਕੇ ਮਰ ਰਿਹਾ ਹੈ। ਦਿੱਤੇ ਹੋਏ ਧਰਨੇ ਨੂੰ ਮੰਤਰੀ ਪਿਕਨਿਕ ਸਪੌਟ ਦੇ ਦੱਸ ਰਹੇ ਹਨ।ਖ਼ੁਦਕਸ਼ੀ ਉਪਰੰਤ ਮਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਇਨਾਮ ਵਜੋਂ ਭੇਟਾ ਦਿੱਤੀ ਜਾ ਰਹੀ ਹੈ, ਹੋਰਨਾਂ ਨੂੰ ਆਤਮਹੱਤਿਆ ਕਰਨ ਦਾ ਪ੍ਰੇਰਿਆ ਜਾ ਰਿਹਾ ਹੈ। ਨੌਜਵਾਨ ਹੱਥਾਂ ਵਿੱਚ ਡਿਗਰੀਆਂ ਲੈ ਕੇ ਘੁੰਮ ਰਹੇ ਹਨ। ਨਕਲੀ ਡਿਗਰੀਆਂ ਵੀ ਭਰਮਾਰ ਹੈ ।ਚਪੜਾਸੀ ਲੱਗਣ ਲਈ ਪੀਐਚ ਡੀ ਕਰ ਚੁੱਕੇ ਨੌਜਵਾਨ ਵੀ ਲਾਈਨ ਵਿੱਚ ਲੱਗੇ ਹੋਏ ਹਨ। ਸਾਡੇ ਦੇਸ਼ ਲਈ ਸ਼ਰਮ ਵਾਲੀ ਗੱਲ ਹੈ ,ਸਕੂਲਾਂ ਵਿੱਚ ਪੂਰੇ ਅਧਿਆਪਕ ਨਹੀਂ ਹਨ। ਜੇ ਹਨ ਤਾਂ ਸਰਕਾਰ ਉਨ੍ਹਾਂ ਦੀਆਂ ਡਿਊਟੀਆਂ ਊਟ ਪਟਾਂਗ ਜਗ੍ਹਾ ਤੇ ਲਗਾ ਦਿੰਦੀ ਹੈ। ਸਰਕਾਰ ਨੂੰ ਪੜ੍ਹਾਈ ਤੋਂ ਫ਼ਾਇਦਾ ਨਹੀਂ ਠੇਕਿਆਂ ਤੋਂ ਫਾਇਦਾ ਹੈ। ਇਸ ਲਈ ਠੇਕੇ ਕਰੋਨਾ ਵਿੱਚ ਵੀ ਖੁੱਲ੍ਹੇ ਹਨ ।ਸਿੱਖਿਆ ਪ੍ਰਸਾਰ ਪੂਰੀ ਤਰ੍ਹਾਂ ਨਾਲ ਠੱਪ ਹੋ ਗਿਆ ਹੈ। ਸਰਕਾਰਾਂ ਸਿੱਖਿਆ ਤੇ ਇਸ ਲਈ ਧਿਆਨ ਨਹੀਂ ਦੇ ਰਹੀਆਂ ਕਿ ਫਿਰ ਨੌਕਰੀਆਂ ਲਈ ਸਾਡੀ ਗਲ ਫਾਹਾ ਦੇਣਗੇ ।ਜੋ ਪੈਸਾ ਸਰਕਾਰਾਂ ਦੀ ਗੀਝੇ ਵਿੱਚ ਜਾਂਦਾ ਹੈ, ਉਹ ਪੈਸਾ ਇਨ੍ਹਾਂ ਨੂੰ ਤਨਖਾਹਾਂ ਦੇ ਰੂਪ ਵਿੱਚ ਦੇਣਾ ਪਵੇਗਾ।



ਸਿਹਤ ਵਿਭਾਗ ਵੀ ਕੋਈ ਦੁੱਧ ਧੋਤਾ ਨਹੀਂ ਹੈ, ਦਿਨੋ ਦਿਨ ਨਿਘਰਦਾ ਜਾ ਰਿਹਾ ਹੈ ।ਸਭ ਤੋਂ ਵੱਧ ਕੈਂਸਰ ਤੇ ਹੋਰ ਲਾ ਇਲਾਜ ਬੀਮਾਰੀਆਂ ਨੂੰ ਸਾਡੇ ਦੇਸ਼ ਨੇ ਘੇਰਾ ਪਾ ਲਿਆ ਹੈ। ਇਲਾਜ ਮਹਿੰਗਾ ਹੋਣ ਕਰਕੇ ਰੋਗੀ ਦੁੱਖ ਭੋਗ ਕੇ ਮਰ ਜਾਂਦੇ ਹਨ ।ਸਰਕਾਰੀ ਕਿਸੇ ਵੀ ਹਸਪਤਾਲ ਵਿਚ ਡਾਕਟਰ ਪੂਰੇ ਨਹੀਂ ਹਨ। ਪ੍ਰਾਈਵੇਟ ਹਸਪਤਾਲਾਂ ਵਿੱਚ ਡਾਕਟਰ ਪੂਰੇ ਹਨ, ਉਥੇ ਆਮ ਆਦਮੀ ਦੇ ਕੱਪੜੇ ਤੱਕ ਲਾਹ ਲਏ ਜਾਂਦੇ ਹਨ। ਹਸਪਤਾਲਾਂ ਵਿੱਚ ਸਟਾਫ਼ ਦੀ ਦੂਰ ਦੀ ਗੱਲ ਹੈ,ਆਕਸੀਜਨ ਵੀ ਪੂਰੀ ਨਹੀਂ ਹੈ ਲੋਕਾਂ ਨੂੰ ਡਰਾ ਕੇ ਸਿਆਸਤ ਕੀਤੀ ਜਾ ਰਹੀ ਹੈ । ਸਿਹਤ ਖੇਤਰ ਦਾ ਦੀਵਾਲਾ ਨਿਕਲਿਆ ਪਿਆ ਹੈ।

ਸਾਡੇ ਦੇਸ਼ ਦਾ ਹਾਲ ਦੇਖੋ ਜੋ ਆਦਮੀ ਆਪਣਾ ਘਰ ਨਹੀਂ ਸੰਭਾਲ ਸਕਿਆ ,ਉਸ ਨੂੰ ਦੇਸ਼ ਦੀ ਵਾਗਡੋਰ ਦਿੱਤੀ ਹੋਈ ਹੈ। ਨਿੱਤ ਨਵੇਂ -ਨਵੇਂ ਢੰਗ ਲੱਭ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾਇਆ ਜਾ ਰਿਹਾ ਹੈ ।ਲੋਕਾਂ ਨੇ ਨਕਾਰੇ ਹੋਏ ਲੋਕਾਂ ਨੂੰ ਵੱਡੇ ਵਿਭਾਗਾਂ ਤੇ ਮੰਤਰੀ ਬਣਾਇਆ ਜਾ ਰਿਹਾ ਹੈ। ਇਸ ਨੂੰ ਚੰਗੇ ਦਿਨਾਂ ਦੀ ਉਮੀਦ ਕੀਤੀ ਜਾ ਰਹੀ ਹੈ ।ਧਾਰਮਿਕ ਗ੍ਰੰਥਾਂ ਦੀ ਬੇਅਦਬੀ ਹੋ ਰਹੀ ਹੈ ।ਸ਼ਰਾਰਤੀ ਲੋਕ ਲੱਭੇ ਨਹੀਂ ਜਾ ਰਹੇ। ਲੋਕਾਂ ਦਾ ਬਹੁਤ ਸਾਰਾ ਸਮਾਂ ਤਾਕਤ ਤੇ ਪੈਸ ਧਰਨੇ ਤੇ ਮੁਜ਼ਾਹਰਿਆਂ ਕਾਰਨ ਬਰਬਾਦ ਹੋ ਰਿਹਾ ਹੈ ।ਬੈਂਕਾਂ ਲੁੱਟੀਆਂ ਜਾ ਰਹੀਆਂ ਹਨ। ਲੌਕਰਾ ਵਿੱਚ ਪਿਆ ਸੋਨਾ ਬਿਨਾਂ ਰਜ਼ਾਮੰਦੀ ਦੇ ਵੇਚਿਆ ਜਾ ਰਿਹਾ ਹੈ ।ਨੌਜਵਾਨ ਪੁਲੀਸ ਦੀ ਗੋਲੀ ਨਾਲ ਮਰ ਰਿਹਾ ਹੈ ।ਲੁੱਟ ਖੋਹ ਦਾ ਵਰਤਾਰਾ ਆਮ ਹੋ ਰਿਹਾ ਹੈ ।ਭੂ ਮਾਫੀਆ ਆਪਣੇ ਸਮਾਨ ਅੰਤਰ ਸਰਕਾਰ ਚਲਾ ਰਿਹਾ ਹੈ ।ਕਾਨੂੰਨ ਨੇ ਕਾਲੀ ਪੱਟੀ ਬੰਨ੍ਹੀ ਹੋਈ ਹੈ। ਜਾਨਵਰ ਮਾਰਨ ਤੇ ਸਜਾ ਦਿੱਤੀ ਜਾ ਰਹੀ ਹੈ ।ਪਰ ਬੰਦੇ ਨੂੰ ਮਾਰਨ ਤੇ ਅਹੁਦੇ ਬਖ਼ਸ਼ੇ ਜਾ ਰਹੇ ਹਨ ।

ਚੋਣਾਂ ਹੁਣ ਲੜੀਆਂ ਨਹੀਂ ਜਾਂਦੀਆਂ ਲੁੱਟੀਆਂ ਜਾਂਦੀਆਂ ਹਨ। ਦੂਸਰੇ ਸੂਬਿਆਂ ਤੋਂ ਬਦਮਾਸ਼ ਲਿਆ ਕੇ ਡਰਾ ਧਮਕਾ ਕੇ ਵੋਟਾਂ ਪਵਾਈਆਂ ਜਾਂਦੀਆ ਹਨ ।ਚੋਣਾਂ ਲੜਨ ਵਾਲੀ ਥਾਂ ਤੇ ਨਸ਼ੇ ਦੇ ਲੰਗਰ ਲਾਏ ਜਾ ਰਹੇ ਹਨ । ਪੁਲੀਸ ਮੂਕ ਦਰਸ਼ਕ ਬਣ ਕੇ ਸਭ ਕੁਝ ਵੇਖ ਰਹੀ ਹੁੰਦੀ ਹੈ। ਬੋਲੀ ਦੇ ਕੇ ਵੋਟਾਂ ਖ਼ਰੀਦੀਆਂ ਜਾਂਦੀਆਂ ਹਨ ।ਹਰੇਕ ਚੋਣ ਵਿੱਚ ਗੋਲਾਬਾਰੀ ਕਤਲਾਂ ਚੋਣ ਬੂਥ ਲੁੱਟਣ ਤੇ ਡਰਾਉਣ ਧਮਕਾਉਣ ਦੀਆਂ ਘਟਨਾਵਾਂ ਆਮ ਘਟਦੀਆਂ ਰਹਿੰਦੀਆਂ ਹਨ। ਚਾਹੇ ਸਰਪੰਚ ਦੀ ਚੋਣ ਹੋਵੇ ਚਾਹੇ ਰਾਜ ਸਭਾ ਦੀ ਚੋਣਾਂ ਵਿੱਚ ਗੁੰਡਾਗਰਦੀ ਹੁੰਦੀ ਹੀ ਰਹਿੰਦੀ ਹੈ। ਸਿਆਸਤ ਸ਼ਰੀਫ ਆਦਮੀਆਂ ਲਈ ਨਹੀਂ ਹੈ ।ਸਭ ਤੋਂ ਵੱਧ ਕਰੱਪਸ਼ਨ ਕਰਨ ਵਾਲੇ ਲੋਕ ਹੀ ਚੋਣਾਂ ਜਿੱਤ ਜਾਂਦੇ ਹਨ।

ਬੇਰੁਜ਼ਗਾਰੀ ਦੀ ਭੰਨੀ ਨੌਜਵਾਨ ਪੀੜ੍ਹੀ ਡੌਂਕੀ ਲਗਾ ਕੇ ਬਾਹਰਲੇ ਦੇਸ਼ਾਂ ਵਿੱਚ ਨਿਕਲਣ ਦਾ ਯਤਨ ਕਰ ਰਹੀ ਹੈ। ਦੋ ਨੰਬਰ ਵਿਚ ਬਾਹਰ ਨਿਕਲ ਦੇ ਨੌਜਵਾਨ ਸਾਗਰਾਂ ਵਿੱਚ ਡੁੱਬ ਰਹੇ ਹਨ ।ਨਸ਼ੇ ਦੀ ਦਲਦਲ ਵਿੱਚ ਫਸ ਰਹੇ ਹਨ। ਵੱਡੀ ਗਿਣਤੀ ਵਿੱਚ ਹੁਸ਼ਿਆਰ ਮੁੰਡੇ ਕੁੜੀਆਂ ਵਿਦੇਸ਼ਾਂ ਵਿੱਚ ਪੜ੍ਹਨ ਦੇ ਬਹਾਨੇ ਜਾ ਰਹੇ ਹਨ ।ਮੋਟਾਂ ਧਨ ਸਾਡੇ ਦੇਸ਼ ਵਿੱਚੋਂ ਬਾਹਰ ਜਾ ਰਿਹਾ ਹੈ। ਬੇਰੁਜ਼ਗਾਰੀ ਦੇ ਸਤਾਏ ਨੌਜਵਾਨ ਨਸ਼ਾ ਤਸਕਰਾਂ ਦੇ ਪਿੱਛੇ ਲੱਗ ਰਹੇ ਹਨ। ਕਰੋੜਾਂ ਰੁਪਏ ਨਸ਼ੇ ਦੀ ਭੇਟ ਚੜ੍ਹ ਰਹੇ ਹਨ ।ਕਿਸੇ ਵੀ ਖੇਤਰ ਵਿੱਚ ਬਦਲਾਅ ਲਿਆਉਣ ਲਈ ਨੌਜਵਾਨੀ ਦਾ ਅਹਿਮ ਯੋਗਦਾਨ ਹੁੰਦਾ ਹੈ ।ਨੌਜਵਾਨਾਂ ਨੂੰ ਨਿਪੁੰਸਕ ਬਣਾਇਆ ਜਾ ਰਿਹਾ ਹੈ। ਵਿਰਲਾ ਹੀ ਕੋਈ ਪਰਿਵਾਰ ਅਜਿਹਾ ਹੋਵੇਗਾ ਜਿਸਨੇ ਨਸ਼ੇ ਦਾ ਸੰਤਾਪ ਨਾ ਹੰਢਾਇਆ ਹੋਵੇ ।ਬਹੁਤ ਜਆਿਦਾ ਘਰਾਂ ਵਿੱਚ ਨਸ਼ੇ ਦੀਆਂ ਮਾਰੀਆਂ ਲੋਥਾਂ ਹੀ ਸਾਹ ਲੈ ਰਹੀਆਂ ਹਨ ।ਸਿਆਸੀ ਨੇਤਾ ਤੇ ਕਰੱਪਸ਼ਨ ਅਧਿਕਾਰੀ ਲੋਕਾਂ ਦਾ ਖ਼ੂਨ ਚੂਸ ਕੇ ਧੜਾ ਧੜ ਸਵਿਸ ਬੈਂਕਾਂ ਵਿਚ ਜਮ੍ਹਾ ਕਰਵਾ ਰਹੇ ਹਨ। ਕੰਪੀਟੀਸ਼ਨ ਅਦਾਰਿਆਂ ਦੇ ਦੌਰ ਵਿੱਚ ਕਿਸੇ ਵੀ ਕਿਸਮ ਦੀ ਨੌਕਰੀ ਲੈਣ ਵਾਸਤੇ ਦਲਾਲ ਕਿਸਮ ਦੇ ਲੋਕ ਹਰੇਕ ਮੋੜ ਤੇ ਸਾਨੂੰ ਮਿਲ ਜਾਂਦੇ ਹਨ ।ਸਾਡੇ ਪੰਜਾਬ ਦੀ ਨੌਜਵਾਨ ਪੀੜ੍ਹੀ ਕਿੱਧਰ ਨੂੰ ਜਾ ਰਹੀ ਹੈ।

**ਦਵਿੰਦਰ ਖ਼ੁਸ਼ ਧਾਲੀਵਾਲ**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 277

Website: www.preetnama.com Email preetnamausa@gmail.com

07 NOV TO 14 NOV , 2024




# ਭਾਰਤ ਦਾ ਮਾਨਚੈਸਟਰ ਅਹਿਮਦਾਬਾਦ



ਗੁਰਪ੍ਰੀਤ ਪਸ਼ੌਰੀਆ
81462-11644

ਗੁਜਰਾਤ ਦਾ ਦਿਲ ਕਿਹਾ ਜਾਣ ਵਾਲਾ ਅਹਿਮਦਾਬਾਦ ਸ਼ਹਿਰ ਗੁਜਰਾਤ ਦਾ ਸਭ ਤੋਂ ਵੱਡਾ ਸ਼ਹਿਰ ਹੈ। ਅਪਣੇ ਵੱਡੇ ਉਦਯੋਗਾਂ ਕਾਰਨ *ਭਾਰਤ ਦੇ ਮਾਨਚੈਸਟਰ* ਵਜੋਂ ਪ੍ਰਸਿੱਧ ਇਹ ਸ਼ਹਿਰ ਗੁਜਰਾਤ ਦੀ ਆਰਥਿਕ ਰਾਜਧਾਨੀ ਵਜੋਂ ਪ੍ਰਸਿੱਧ ਹੈ। ਸਾਬਰਮਤੀ ਨਦੀ ਦੇ ਕਿਨਾਰੇ ਵਸਿਆ ਲਗਭਗ 51 ਲੱਖ ਦੀ ਅਬਾਦੀ ਵਾਲਾ ਅਹਿਮਦਾਬਾਦ 1976 ਈ: ਵਿੱਚ ਗਾਂਧੀਨਗਰ ਦੇ ਰਾਜਧਾਨੀ ਬਨਣ ਤੋਂ ਪਹਿਲਾਂ ਗੁਜਰਾਤ ਦੀ ਰਾਜਧਾਨੀ ਹੁੰਦਾ ਸੀ। ਇਤਿਹਾਸ ਦੀ ਜੇ ਗੱਲ ਕਰੀਏ ਤਾਂ ਇੱਥੇ ਅਬਾਦੀ ਪੁਰਾਣੇ ਸਮਿਆਂ ਤੋਂ ਵਸਦੀ ਸੀ ਪਰ ਮੌਜੂਦਾ ਸ਼ਹਿਰ ਦੀ ਸਥਾਪਨਾ 1411 ਈ: ਵਿੱਚ ਸੁਲਤਨ ਅਹਿਮਦ ਸ਼ਾਹ ਨੇ ਕੀਤੀ ।

ਇਸ ਵਾਰ ਗੁਜਰਾਤ ਯਾਤਰਾ ਦੌਰਾਨ ਅਹਿਮਦਾਬਾਦ ਨੂੰ ਦੇਖਣ ਦਾ ਸਬੱਬ ਬਣਿਆ। ਯੂਨੈਸਕੋ ਵੱਲੋਂ ਅਹਿਮਦਾਬਾਦ ਨੂੰ ਭਾਰਤ ਦਾ ਪਹਿਲਾ ਅਤੇ ਏਸੀਆ ਦਾ ਤੀਜਾ ਵਿਸ਼ਵਵਿਰਾਸਤ ਸ਼ਹਿਰ ਘੋਸ਼ਿਤ ਕੀਤਾ ਗਿਆ ਹੈ। ਅਹਿਮਦਾਬਾਦ ਵਿੱਚ ਦੇਖਣ ਵਾਲੀਆਂ ਬਹੁਤ ਸਾਰੀਆਂ ਥਾਵਾਂ ਹਨ ।ਧਾਰਮਿਕ, ਇਤਿਹਾਸਕ, ਸੱਭਿਆਚਾਰਕ, ਵਪਾਰਕ, ਕੁਦਰਤੀ ਖ਼ੂਬਸੂਰਤੀ ਅਤੇ ਵੰਨ ਸੁਵੰਨਤਾ ਵਾਲੀਆਂ ਥਾਵਾਂ ਕਾਰਨ ਅਹਿਮਦਾਬਾਦ ਹਰ ਤਰਾਂ ਦੇ ਸੈਲਾਨੀਆਂ ਵਿੱਚ ਕਾਫੀ ਪ੍ਰਸਿੱਧ ਹੈ। ਰਾਣੀ ਕੀ ਬਾਵ ਅਤੇ ਮੁਢੇਰਾ ਦਾ ਸੂਰਜ ਮੰਦਰ ਦੇਖਣ ਤੋਂ ਬਾਅਦ ਅਸੀਂ ਅਹਿਮਦਾਬਾਦ ਦੇਖਦੇ ਹਾਂ।

ਅਹਿਮਦਾਬਾਦ ਵੱਡਾ ਸ਼ਹਿਰ ਹੈ ਤੁਸੀਂ ਇਸ ਨੂੰ ਆਪਣੀ ਸੁਵਿਧਾ ਅਤੇ ਸਮੇਂ ਮੁਤਾਬਕ ਪਬਲਿਕ ਟਰਾਂਸਪੋਰਟ ਜਾਂ ਟੈਕਸੀ ਕਾਰ ਰਾਹੀਂ ਘੁੰਮ ਸਕਦੇ ਹੋ ਪਰ ਸਭ ਤੋਂ ਸਸਤਾ ਅਤੇ ਸੁਵਿਧਾਜਨਕ ਤਰੀਕਾ ਗੁਜਰਾਤ ਟੂਰਿਜਮ ਦੀ ਸਿਟੀ ਟੂਰ ਬੱਸ ਰਾਹੀਂ ਘੁੰਮਣਾ ਹੈ। ਡਬਲਡੈਕਰ ਬੱਸ ਦੇਖੋ ਅਹਿਮਦਾਬਾਦ (ਜੋ ਉੱਪਰੋਂ ਖੁੱਲੀ ਹੈ) ਦਿਨ ਵਿੱਚ ਦੋ ਵਾਰ (ਸਵੇਰੇ 08 ਤੋਂ 1 ਅਤੇ ਸ਼ਾਮ 1:30 ਤੋਂ 9:30 ) ਸਾਬਰਮਤੀ ਆਸ਼ਰਮ ਦੇ ਸਾਹਮਣੇ ਬਣੇ ਹੋਟਲ ਤੋਰਨ ਤੋਂ ਚਲਦੀ ਹੈ ਜੋ ਪੰਜ ਸੌ ਰੁਪਏ ਪ੍ਰਤੀ ਸਵਾਰੀ ਕਿਰਾਏ ਨਾਲ਼ ਅਹਿਮਦਾਬਾਦ ਦੇ ਸਾਰੇ ਮਹੱਤਵਪੂਰਣ ਥਾਂ ਅਪਣੇ ਤਜੁਰਬੇਕਾਰ ਗਾਇਡ ਨਾਲ਼ ਘੁੰਮਾ ਦਿੰਦੀ ਹੈ। ਪੈਦਲ ਤੁਰਨ ਦੇ ਸ਼ੌਕੀਨਾਂ ਲਈ ਗੁਜਰਾਤ ਟੂਰਿਜਮ ਵੱਲੋਂ ਵਿਰਾਸਤੀ ਸੈਰ ( ) ਦਾ ਪ੍ਰਬੰਧ ਹੈ 200 ਰੁਪਏ ਵਿੱਚ 7:45 ਤੋਂ 10:30 ਤੱਕ ਗਾਇਡ ਤੁਹਾਨੂੰ ਜਾਣਕਾਰੀ ਦਿੰਦੇ ਹੋਏ ਸੈਰ-ਸੈਰ ਵਿੱਚ 20-22 ਵਿਰਾਸਤੀ ਥਾਵਾਂ ਘੁੰਮਾ ਦਿੰਦਾ ਹੈ। ਸਾਡੀ ਵਿਉਂਤਬੰਦੀ ਸਮਾਂ ਦੀ ਮੰਗ ਅਨੁਸਾਰ ਹੋਰ ਤਰ੍ਹਾਂ ਦੀ ਹੋਣ ਕਾਰਨ ਅਸੀਂ ਕਾਰ ਰਾਹੀਂ ਘੁੰਮੇ।

ਅਹਿਮਦਾਬਾਦ ਵਿੱਚ ਵੇਖਣ ਯੋਗ ਏਨੀਆਂ ਥਾਵਾਂ ਹਨ ਕਿ ਜਿਸ ਨੂੰ ਇਕ ਦਿਨ ਵਿਚ ਨਹੀਂ ਦੇਖਿਆ ਜਾ ਸਕਦਾ। ਸਾਬਰਮਤੀ ਆਸ਼ਰਮ ,ਕਾਂਕਰੀਆ ਝੀਲ, ਤੀਨ ਦਰਵਾਜ਼ਾ, ਜਾਮਾ ਮਸਜਿਦ , ਸਰਖੇਜ ਰੋਜਾ, ਰਾਣੀ ਕਾ ਹਜ਼ੀਰਾ ,ਸਿੱਧੀ ਸਈਅਦ ਜਾਲ਼ੀ, ਹਠੀਸਿੰਗ ਜੈਨ ਮੰਦਰ, ਝੂਲਦੇ ਮਨਾਰ, ਅਡਾਲਜ ਦੀ ਬਾਵ , ਭਾਦਰਾ ਦਾ ਕਿਲ੍ਹਾ, ਸਾਇੰਸ ਸਿਟੀ ,ਰਿਵਰ ਫਰੰਟ, ਮਾਣਕ ਚੌਕ ਆਦਿ ਪ੍ਰਸਿੱਧ ਥਾਵਾਂ ਹਨ ਪਰ ਸੀਮਤ ਸਮਾਂ ਹੋਣ ਕਾਰਨ ਅਸੀਂ ਕੁਝ ਚੌਣਵੀਆਂ ਥਾਵਾਂ ਵੇਖਦੇ ਹਾਂ।

ਸਭ ਤੋਂ ਪਹਿਲਾਂ ਅਸੀਂ ਸਾਬਰਮਤੀ ਆਸ਼ਰਮ ਵੇਖਣ ਜਾਂਦੇ ਹਾਂ । ਸਾਬਰਮਤੀ ਨਦੀ ਕਿਨਾਰੇ ਬਣਿਆ ਸਾਬਰਮਤੀ ਜਾਂ ਗਾਂਧੀ ਆਸ਼ਰਮ ਬਹੁਤ ਵੱਡੇ ਖੇਤਰ ਵਿੱਚ ਬਣਿਆ ਹੈ ਜਿਸਦਾ ਨਿਰਮਾਣ ਮਹਾਤਮਾ ਗਾਂਧੀ ਨੇ 1915 ਈ: ਵਿੱਚ ਕੀਤਾ ਸੀ। 1933 ਈਸਵੀ ਤੱਕ ਮਹਾਤਮਾ ਗਾਂਧੀ ਇੱਥੇ ਰਹੇ ।ਇੱਥੋਂ ਹੀ ਉਨ੍ਹਾਂ ਨੇ ਡਾਂਡੀ ਯਾਤਰਾ ਦੀ ਸੁਰੂਆਤ ਕੀਤੀ ਸੀ ਅੱਜਕੱਲ੍ਹ ਆਸ਼ਰਮ ਚ ਲਾਇਬਰੇਰੀ, ਅਜਾਇਬਘਰ, ਕਿਤਾਬ ਘਰ ,ਖਾਦੀ ਵਸਤਾਂ ਦੀ ਦੁਕਾਨ ਅਤੇ ਮਹਾਤਮਾ ਗਾਂਧੀ ਦੀ ਜ਼ਿੰਦਗੀ ਨਾਲ ਸਬੰਧਤ ਦਸਤਾਵੇਜ਼ ਅਤੇ ਚੀਜਾਂ ਸੰਭਾਲ ਕੇ ਰੱਖੇ ਗਏ ਹਨ।

ਇਸ ਤੋਂ ਬਾਅਦ ਅਸੀਂ ਅਹਿਮਦਾਬਾਦ ਸ਼ਹਿਰ ਤੋਂ ਬਾਹਰ ਬਣੀ ਪ੍ਰਮੁੱਖ ਇਤਿਹਾਸਕ ਇਮਾਰਤ *ਅੜਾਲਜ ਦੀ ਬਾਵ* ਦੇਖਣ ਜਾਂਦੇ ਹਾਂ । ਭਾਰਤੀ ਪੁਰਾਤੱਤਵ ਸਰਵੇਖਣ ਦੀ ਦੇਖ ਰੇਖ ਅਧੀਨ ਇਸ ਸਮਾਰੋਹ ਵਿਚ ਜਾਣ ਲਈ ਤਿੰਨ ਪਾਸਿਓਂ ਰਾਹ ਹਨ । ਬਘੇਲਾ ਸਾਮਰਾਜ ਦੇ ਰਾਜੇ ਬੀਰ ਸਿੰਘ ਦੀ ਪਤਨੀ ਰੁਦਾਬਾਈ ਦੁਆਰਾ ਆਪਣੇ ਪਤੀ ਦੀ ਯਾਦ ਵਿੱਚ ਬਣਾਇਆ ਇਹ ਇੱਕ ਪੌੜੀਦਾਰ ਖੂਹ ਹੈ ਜਿਸ ਦੀ ਵਾਸਤੂਕਲਾ ਕਮਾਲ ਦੀ ਹੈ। ਧਰਤੀ ਦੀ ਸਤਹਿ ਤੋਂ ਹੇਠਾਂ ਪਾਣੀ ਦੇ ਤਲ ਤਕ ਜਾਣ ਲਈ ਪੰਜ ਮੰਜਲਿਾਂ ਬਣੀਆਂ ਹਨ ਜਿਨ੍ਹਾਂ ਵਿਚੋਂ ਪੌੜੀਆਂ ਹੇਠਾਂ ਵੱਲ ਉਤਰਦੀਆਂ ਹਨ । ਪਹਿਲੀ ਮੰਜਲਿ ਤੇ 16 ਖੰਭਿਆਂ ਵਾਲਾ ਮੰਚ ਬਣਿਆ ਹੈ ਜਿਸ ਦੀ ਛੱਤ ਅਸ਼ਟਭੁਜਾਕਾਰ ਹੈ। ਬਾਵ ਦੇ ਦੋਵੇਂ ਪਾਸੇ ਬਣੇ ਥਮ੍ਹਲਿਆਂ ਉੱਪਰ ਸ਼ਾਨਦਾਰ ਨੱਕਾਸ਼ੀ ਕੀਤੀ ਗਈ ਅਤੇ ਇਤਿਹਾਸ ਮਿਥਿਹਾਸ ਦੀਆਂ ਕਈ ਸ਼ਾਨਦਾਰ ਮੂਰਤਾਂ ਬਣਾਈਆਂ ਹਨ। ਅਨੋਖੀ ਵਾਸਤੂ ਸਰੰਚਨਾ ਕਾਰਨ ਬਾਵ ਵਿਚ ਸੂਰਜ ਦੀ ਰੋਸ਼ਨੀ ਅਤੇ ਗਰਮ ਹਵਾ ਬਹੁਤ ਘੱਟ ਪ੍ਰਭਾਵ ਕਰਦੀ ਹੈ ਜਿਸ ਨਾਲ ਅੰਦਰ ਦਾ ਤਾਪਮਾਨ ਬਾਹਰ ਦੇ ਮੁਕਾਬਲੇ ਘੱਟ ਰਹਿੰਦਾ ਹੈ । ਬਾਵ ਵਿੱਚ ਪਾਣੀ ਅੱਜ ਵੀ ਮੌਜੂਦ ਹੈ ਪਰ ਉਹ ਕਾਫੀ ਗੰਦਾ ਤੇ ਦੂਸ਼ਿਤ ਲੱਗਦਾ ਹੈ । ਇਸ ਵਿੱਚ ਕੀਤੀ ਗਈ ਨਕਾਸ਼ੀ ਦੇਖਣਯੋਗ ਹੈ।

ਸ਼ਾਮ ਸਮੇਂ ਸਾਬਰਮਤੀ ਨਦੀ ਦੇ ਕਿਨਾਰੇ ਤੇ ਖੜ੍ਹ ਕੇ ਦੇਖਦਿਆਂ ਅਹਿਮਦਾਬਾਦ ਬਹੁਤ ਖੂਬਸੂਰਤ ਲਗਦਾ ਹੈ। ਨਦੀ ਸ਼ਹਿਰ ਦੇ ਬਿਲਕੁਲ ਵਿਚਕਾਰ ਦੀ ਲੰਘਦੀ ਹੈ ਜਿਸ ਉਪਰ ਸ਼ਹਿਰ ਦੇ ਦੋਵੇਂ ਪਾਸਿਆਂ ਨੂੰ ਜੋੜਦੇ ਦਸ ਪੁਲ਼ ਬਣੇ ਹਨ ਜਿਨ੍ਹਾਂ ਚੋਂ ਲੋਹੇ ਦਾ ਬਣਿਆ ਅੰਗਰੇਜ਼ਾਂ ਵੇਲੇ ਦਾ ਪੁਲ ਅੱਜ ਵੀ ਦੇਖਣਯੋਗ ਹੈ । ਇਹ ਸ਼ਹਿਰ ਬਿਲਕੁਲ ਉਸੇ ਤਰ੍ਹਾਂ ਬਣਿਆ ਹੈ ਜਿਸ ਤਰ੍ਹਾਂ ਥੇਮਜ ਨਦੀ ਦੇ ਕਿਨਾਰੇ ਲੰਡਨ ਸ਼ਹਿਰ ਵਸਿਆ ਹੈ ।

ਸ਼ਾਮ ਸਮੇਂ *ਕਾਂਕਰੀਆ ਝੀਲ* ਦੀ ਰੌਣਕ ਦੇਖਣਯੋਗ ਹੁੰਦੀ ਹੈ । ਅਹਿਮਦਾਬਾਦ ਦੇ ਬਿਲਕੁਲ ਵਿਚਕਾਰ ਬਣੀ ਇਹ ਝੀਲ ਬਹੁਤ ਖ਼ੂਬਸੂਰਤ ਹੈ। ਸ਼ਾਮ ਸਮੇਂ ਰੰਗ- ਬਿਰੰਗੀਆਂ ਰੌਸ਼ਨੀਆਂ ਵਿੱਚ ਝੀਲ ਵਿੱਚ ਤੈਰਦੀਆਂ ਕਿਸਤੀਆਂ ਤੇ ਸ਼ਿਕਾਰੇ ਇਸ ਦੀ ਰੌਣਕ ਨੂੰ ਚਾਰ ਚੰਦ ਲਾਉਂਦੇ ਹਨ । ਕਾਂਕਰੀਆ ਝੀਲ ਗੋਲ ਬਨਾਵਟ ਵਿਚ ਬਣੀ ਹੈ ਜਿਸ ਦੇ ਚੁਫੇਰੇ ਬੱਚਿਆਂ ਲਈ ਟੁਆਏ ਟਰੇਨ ਚੱਲਦੀ ਹੈ। ਝੀਲ ਦੇ ਵਿਚਕਾਰ ਟਾਪੂ ਬਣਿਆ ਹੈ ਜਿਸ ਨੂੰ ਨਗੀਨਾ ਵਾੜੀ ਆਖਦੇ ਹਨ ।ਇੱਥੇ ਛੋਟਾ ਜਿਹਾ ਚਿੜੀਆਘਰ ਬਣਾਇਆ ਗਿਆ ਹੈ। *ਦਿਲਚਸਪ ਗੱਲ ਇਹ ਹੈ ਕਿ ਭਾਰਤੀ ਸਟੇਟ ਬੈਂਕ ਦਾ ਲੋਗੋ ਇਸ ਝੀਲ ਦੇ ਹਵਾਈ ਚਿੱਤਰ ਅਨੁਸਾਰ ਬਣਦੇ ਨਕਸ਼ੇ ਤੋਂ ਹੀ ਲਿਆ ਹੈ* ।

ਝੀਲ ਤੋਂ ਵਾਪਸ ਆਉਂਦਿਆਂ ਰਾਤ ਹੋ ਜਾਂਦੀ ਹੈ ਰਾਤ ਸਮੇਂ ਅਹਿਮਦਾਬਾਦ ਵਿੱਚ ਵੱਖ ਵੱਖ ਗੁਜਰਾਤੀ ਖਾਣਿਆਂ ਦਾ ਆਨੰਦ ਲੈਣ ਲਈ ਸਭ ਤੋਂ ਮਸ਼ਹੂਰ ਥਾਂ ਮਾਣਕ ਚੌਕ ਹੈ । ਮਾਣਕ ਚੌਂਕ ਸ਼ਹਿਰ ਦੇ ਪੁਰਾਣੇ ਅਹਿਮਦਾਬਾਦ ਸ਼ਹਿਰ ਦੇ ਬਿਲਕੁਲ ਵਿਚਕਾਰ ਹੈ ਇਸ ਲਈ ਇਹ ਬਹੁਤ ਭੀੜ ਭਾੜ ਵਾਲੀ ਜਗ੍ਹਾ ਹੈ। ਗੱਡੀ ਦੂਰ ਪਾਰ ਕਰਕੇ ਪੈਦਲ ਹੀ ਇੱਥੇ ਪਹੁੰਚਦੇ ਹਾਂ। ਮਾਣਕ ਚੌਂਕ ਦਾ ਨਜ਼ਾਰਾ ਦੇਖਣਯੋਗ ਹੈ ਆਲੇ ਦੁਆਲੇ ਖਾਣ ਵਾਲੀਆਂ ਰੇਹੜੀਆਂ ਦੁਕਾਨਾਂ ਤੇ ਲੋਕਾਂ ਦੀ ਭੀੜ ਹੈ ਤਰ੍ਹਾਂ ਤਰ੍ਹਾਂ ਦੇ ਪਕਵਾਨ ਬਣਾਏ ਜਾ ਰਹੇ ਹਨ । ਗੁਜਰਾਤੀ ਖਾਣੇ, ਗਾਟੀਆ, ਖਾਮਣ, ਢੋਕਲਾ, ਫਾਫੜਾ, ਜਲੇਬੀਆਂ, ਬਾਸੂੰਦੀ, ਖਾਖਰਾ, ਪਾਉ ਭਾਜੀ ਗੱਲ ਕਿ ਤਰ੍ਹਾਂ ਤਰ੍ਹਾਂ ਦੀਆਂ ਮਿਠਾਈਆਂ ਅਤੇ ਹੋਰ ਸਟਰੀਟ ਫੂਡ ਲਈ ਪ੍ਰਸਿੱਧ ਮਾਣਕ ਚੌਂਕ ਦੇ ਆਪਣੇ ਹੀ ਅਨੋਖੇ ਰੰਗ ਹਨ। ਸਵੇਰ ਵੇਲੇ ਇੱਥੇ ਸਬਜ਼ੀ ਮੰਡੀ, ਦੁਪਹਿਰ ਵੇਲੇ ਇੱਥੇ ਸਰਾਫਾ ਬਾਜਾਰ ਅਤੇ ਰਾਤ ਸਮੇਂ ਖਾਣੇ ਦਾ ਬਾਜਾਰ ਲਗਦਾ ਹੈ। ਇੱਕੋ ਥਾਂ ਦਿਨ ਵਿੱਚ ਤਿੰਨ ਰੰਗ ਬਦਲਦੀ ਹੈ ।

ਮਾਣਕ ਚੌਂਕ ਚੋਂ ਵੰਨ ਸੁਵੰਨੇ ਖਾਣੇ ਖਾ ਕੇ ਅਸੀਂ ਆਪਣੇ ਕਮਰੇ ਵਿੱਚ ਆ ਕੇ ਆਰਾਮ ਕਰਦੇ ਹਾਂ ਤੇ ਅਗਲੀ ਸਵੇਰ ਨਵੇਂ ਸਫਰ ਲਈ ਰਵਾਨਾ ਹੋ ਜਾਂਦੇ ਹਾਂ। ਪ੍ਰਾਚੀਨਤਾ ਤੇ ਆਧੁਨਿਕਤਾ ਦੇ ਸੁਮੇਲ ਵਿੱਚ ਰੰਗਿਆ ਅਹਿਮਦਾਬਾਦ ਵੇਖਣ ਵਾਲੇ ਦੇ ਮਨ ਨੂੰ ਮੋਹ ਲੈਂਦਾ ਹੈ ।





# ਵਿਦੇਸ਼ਾਂ ਵਿਚ ਸਿੱਖੀ ਦੀ ਵੱਧਦੀ ਸ਼ਾਨ



**ਸੁਖਵਿੰਦਰ ਸਿੰਘ ਮੁੱਲਾਂਪੁਰ**
**ਵਟਸ ਅੱਪ +91 9914184794**

ਸਿੱਖ ਧਰਮ ਸਿੱਖੀ ਸਿਧਾਤਾਂ ਨੂੰ ਲੈਕੇ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਵਿਦੇਸ਼ੀ ਸਰਕਾਰਾਂ ਵੀ ਸਿੱਖ ਧਰਮ ਦਾ ਅਧਿਆਨ ਕਰਕੇ ਆਪਣੇ ਦੇਸ਼ਾਂ ਵਿਚ ਯੋਗ ਸਥਾਨ ਦੇ ਰਹੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਅਵਤਾਰ ਪੂਰਵ ਦੇ ਸਬੰਧ ਵਿੱਚ ੴ ਸਿੱਖੀ ਦਾ ਚਿੰਨ 12 ਨਵੰਬਰ 2019 ਨੂੰ ਬੈਂਡੀਗੋ ਸ਼ਹਿਰ ਤੋਂ 13 ਕਿਲੋਮੀਟਰ ਦੂਰ ਮੈਲਬੋਰਨ ( ਵੈਕਟੋਰੀਆ) ਸ਼ਹਿਰ ਤੋ 161 ਕਿਲੋਮੀਟਰ ਦੀ ਦੂਰੀ ਤੇ ਸਥਾਪਿਤ ਕੀਤਾ ਗਿਆ।

ਇਸ ਸਥਾਨ ਦੇ ਨਜ਼ਦੀਕ ਬੁੱਧ ਧਰਮ ਵਾਲਿਆਂ ਦਾ (ਦੀ ਗਰੇਟ ਸਟੂਪਾ) ਬਹੁਤ ਵੱਡਾ ਅਸਥਾਨ ਬਣਿਆ ਹੋਇਆ ਹੈ।

ਬੁੱਧ ਧਰਮ ਦੇ ਅਸਥਾਨ ਮੂਹਰੇ ਬਣਿਆ ਸਰਕਾਰੀ ਪੀਸ ਪਾਰਕ ਹੈ। ਉਸ ਪਾਰਕ ਵਿੱਚ ਹੋਰ ਧਰਮਾਂ ਦੇ ਧਾਰਮਿਕ ਚਿੰਨ ਸਥਾਪਿਤ ਕੀਤੇ ਹੋਏ ਹਨ। ਜਿਸ ਤਰਾਂ ਹਿੰਦੂ ਧਾਰਮਿਕ ਚਿੰਨ, ਇਸਾਈ ਧਾਰਮਿਕ ਚਿੰਨ,ਗਣੇਸ਼ ਮੰਦਰ ਆਦਿ ਧਾਰਮਿਕ ਚਿੰਨ ਹਨ। ਸਿੱਖਾਂ ਨੇ ਸਰਕਾਰੀ ਮਨਜ਼ੂਰੀ ਅਨੁਸਾਰ ਉੱਥੇ ਆਪਣਾ ਸਿੱਖੀ ਦਾ ਧਾਰਮਿਕ ਚਿੰਨ ੴ ਸਥਾਪਿਤ ਕਰ ਦਿੱਤਾ।

ਇਹ ਹੁਣ ਉੱਥੇ 12 ਧਾਰਮਿਕ ਚਿੰਨ ਸਥਾਪਿਤ ਹੋ ਚੁੱਕੇ ਹੈ।

ਇਸ ਚਿੰਨ ਦਾ ਉੱਥੇ ਸਥਾਪਿਤ ਹੋਣਾ ਸਿੱਖ ਕੌਮ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਇਹ ੴ ਦਾ ਚਿੰਨ ਫਾਈਬਰ ਕਾਰਬਨ ਦਾ ਬਣਿਆ ਹੋਇਆ ਹੈ। ਇਹ ਚਿੰਨ ਦੋ ਕੁਆਟਿਲ (200 ਕਿਲੋ ਗ੍ਰਾਮ) ਵਜ਼ਨ ਦਾ ਸਨੁਹਿਰੀ ਰੰਗ ਵਾਲਾ ਹੈ।

ਇਸ ਚਿੰਨ ਦਾ ਡਜਾਇਨ ਅਸਟ੍ਰੇਲੀਆ ਵਿਚ ਤਿਆਰ ਕੀਤਾ ਗਿਆ। ਇਹ ਚਿੰਨ ਵਿਕਟੋਰੀਆ ਸਿੱਖ ਕੌਂਸਿਲ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ।

ਇਸ ਚਿੰਨ ਨੂੰ ਡਾਕਟਰ ਗੁਰਦਰਸ਼ਨ ਸਿੰਘ, ਪ੍ਰੋ. ਸੁਪਰੀਆ ਸਿੰਘ (ਆਰ.ਐਮ.ਆਈ.ਟੀ) ਅਤੇ ਵਿਕਟੋਰੀਆ ਸਿੱਖ ਸੰਗਤ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ। ਮਲਬੌਰਨ ਵਿਚ ਬਣੇ ਗੁਰਦੁਵਾਰਾ ਸਾਹਿਬ,ਬਲੈਕਬਰਨ ਗੁਰਦੁਵਾਰਾ ਸਾਹਿਬ, ਕਰੇਗੀਬਰਨ ਗੁਰਦੁਵਾਰਾ ਸਾਹਿਬ ਅਤੇ ਕੀਜ਼ਬਰੋ ਗੁਰਦੁਵਾਰਾ ਸਾਹਿਬ ਦੀਆਂ ਸਿੱਖ ਸੰਗਤਾਂ ਨੇ ਇਹ ਸਿੱਖੀ ਦਾ ਚਿੰਨ ਸਥਾਪਿਤ ਕਰਨ ਵਿੱਚ ਵਧੇਰੇ ਯੋਗਦਾਨ ਪਾਇਆ। ਇਹ ਅਸਟ੍ਰੇਲੀਆ ਵਿਚ ਸਿੱਖੀ ਦਾ ਪਹਿਲੀ ਧਾਰਮਿਕ ਚਿੰਨ ਹੈ ਜਿਸ ਨੂੰ ਸਥਾਪਿਤ ਕਰਨ ਲਈ ਸੁਖਵੰਤ ਸਿੰਘ ਮਲਬੌਰਨ ਨੇ ਟੀਮ ਸਮੇਤ ਸਥਾਪਿਤ ਕਰਨ ਲਈ ਮੁੱਖ ਸੇਵਾ ਨਿਭਾਈ। ਇਹ ਚਿੰਨ ਸਿੱਖ ਭਾਈਚਾਰੇ ਦੀ ਸਾਂਝ ਨੂੰ ਦਰਸਾਉਂਦਾ ਹੈ। ਵਿਦੇਸ਼ਾਂ ਵਿਚ ਵਧਦੀ ਸਿੱਖੀ ਸਾਡੇ ਗੁਰੂ ਸਾਹਿਬਾਨਾਂ ਦੇ ਦੱਸੇ ਮਾਰਗ ਤੇ ਚੱਲਣ ਦਾ ਰਾਹ ਦਰਸਾਉਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 555 ਵੇਂ ਅਵਤਾਰ ਪੂਰਵ ਨੂੰ ਮੁੱਖ ਰੱਖਦਿਆਂ 26 ਅਕਤੂਬਰ 2024 ਨੂੰ ਵੱਖ ਵੱਖ ਗੁਰਦੁਵਾਰਾ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਇਸ ਅਸਥਾਨ ਤੇ ਇਕੱਠੀਆਂ ਹੋਈਆਂ ਹਨ। ਹੋਪਰ ਕਰੌਸਿੰਗ (ਮਲਬੌਰਨ) ਦੇ ਗੁਰਦੁਵਾਰਾ ਸਾਹਿਬ ਤੋਂ ਪ੍ਰਧਾਨ ਆਰ ਪੀ ਸਿੰਘ ਅਤੇ ਸਮੂਹ ਕਮੇਟੀ ਦੇ ਉਪਰਾਲੇ ਨਾਲ ਗੁਰਦੁਵਾਰਾ ਸਾਹਿਬ ਦੇ ਹੈਡ ਗ੍ਰੰਥੀ ਮਾਣਯੋਗ ਸੁਖਵੀਰ ਸਿੰਘ ਜੀ ਖੰਡੂਰ ਸਾਹਿਬ ਵਾਲੇ ਅਤੇ ਗਿਆਨੀ ਅਮਨਪ੍ਰੀਤ ਸਿੰਘ ਜੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੀ ਅਗਵਾਈ ਵਿੱਚ ਸਮੂਹ ਸਿੱਖ ਸੰਗਤਾਂ ਦਰਸ਼ਨਾ ਲਈ ਬੈਂਡੀਗੋ ਵਿਖੇ ਪਹੁੰਚੀਆਂ। ਦਾਸ ਨੇ ਵੀ ਇਥੋਂ ਦੀ ਸੰਗਤ ਦੇ ਨਾਲ ਜਾਕੇ ਦਰਸ਼ਨ ਕੀਤੇ। ਉੱਥੇ ਫ਼ਲਾਂ, ਚਾਹ ਅਤੇ ਪ੍ਰਸ਼ਾਦਿਆਂ ਦੇ ਅਤੁੱਟ ਲੰਗਰ ਵਰਤਾਏ ਗਏ।ਗੁਰਦੁਵਾਰਾ ਸਿੰਘ ਸਭਾ ਬੈਂਡੀਗੋ ਵਲੋਂ ਇਸ ਸਿੱਖੀ ਦੇ ਚਿੰਨ ਦੇ ਨਜ਼ਦੀਕ ਹੀ ਜਗ੍ਹਾ ਖ੍ਰੀਦਕੇ ਗੁਰਦੁਵਾਰਾ ਸਾਹਿਬ ਸਥਾਪਿਤ ਕਰਨ ਦੇ ਯਤਨ ਜਾਰੀ ਹਨ। ਅਖ਼ੀਰ ਵਿੱਚ ਪ੍ਰਬੰਧਕਾਂ ਵਲੋਂ ਆਈ ਸਿੱਖ ਸੰਗਤ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਗਿਆ।




# ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿੱਚ 15 ਭਾਰਤੀ ਜਿੱਤੇ

**ਉਜਾਗਰ ਸਿੰਘ**

ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਚੋਣਾਂ ਵਿੱਚ ਐਨ.ਡੀ.ਪੀ. ਨੇ 93 ਮੈਂਬਰੀ ਵਿਧਾਨ ਸਭਾ ਵਿੱਚੋਂ 47 ਸੀਟਾਂ ’ਤੇ ਜਿੱਤ ਪ੍ਰਾਪਤ ਕਰਕੇ ਬਹੁਮਤ ਪ੍ਰਾਪਤ ਕਰ ਲਿਆ ਹੈ। ਕੰਜ਼ਰਵੇਟਿਵ ਪਾਰਟੀ ਨੂੰ 44 ਸੀਟਾਂ ’ਤੇ ਜਿੱਤ ਨਸੀਬ ਹੋਈ ਹੈ। ਇਨ੍ਹਾਂ ਚੋਣਾਂ ਵਿੱਚ 15 ਭਾਰਤੀਆਂ/ਪੰਜਾਬੀਆਂ ਨੇ ਜਿੱਤ ਪ੍ਰਾਪਤ ਕੀਤੀ ਹੈ। ਵਿਧਾਨ ਸਭਾ ਵਿੱਚ ਹਰ ਛੇਵਾਂ ਭਾਰਤੀ ਮੂਲ ਦਾ ਮੈਂਬਰ ਹੈ। ਕੈਨੇਡਾ ਵਿੱਚ 2021 ਦੀ ਜਨਸੰਖਿਆ ਅਨੁਸਾਰ 9 ਲੱਖ 50 ਹਜ਼ਾਰ ਦੇ ਕਰੀਬ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੋਨੀਟੋਬਾ ਅਤੇ ਕਿਊਬਕ ਸੂਬਿਆਂ ਵਿੱਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਦੀ ਵਸੋਂ ਹੈ। ਓਨਟਾਰੀਓ ਸੂਬੇ ਵਿੱਚ ਸਭ ਤੋਂ 4 ਲੱਖ ਦੇ ਲਗਭਗ ਅਤੇ ਦੂਜੇ ਨੰਬਰ ’ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 3 ਲੱਖ 15 ਹਜ਼ਾਰ ਹੈ। ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ ਜਿੱਥੇ ਭਾਰਤੀ ਮੂਲ ਦੇ ਪੰਜਾਬੀ/ਭਾਰਤੀ ਨਾ ਹੋਣ। ਉਥੇ ਉਹ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਸੰਸਾਰ ਵਿੱਚ ਸਭ ਤੋਂ ਵੱਧ ਭਾਰਤੀ ਮੂਲ ਦੇ/ਪੰਜਾਬੀ ਕੈਨੇਡਾ ਵਿੱਚ ਹਨ। ਕੈਨੇਡਾ ਦੇ ਵਿਕਾਸ ਵਿੱਚ ਪੰਜਾਬੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਪੰਜਾਬੀਆਂ/ਸਿੱਖਾਂ ਨੇ ਹਮੇਸ਼ਾ ਕੈਨੇਡਾ ਦੀ ਸਿਆਸਤ ਵਿੱਚ ਧੂੰਮਾਂ ਪਾਈਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਪੰਜਾਬੀ/ਭਾਰਤੀ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਹਨ। ਉਨ੍ਹਾਂ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵਿਲੱਖਣ ਯੋਗਦਾਨ ਪਾਇਆ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਹੁਣੇ ਹੀ ਅਕਤੂਬਰ 2024 ਵਿੱਚ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਸ ਵਾਰ ਕੁਲ 3550017 ਵੋਟਰਾਂ ਵਿੱਚੋਂ 2038075 ਵੋਟਰਾਂ ਭਾਵ 47.41 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ, ਜਦੋਂ ਕਿ 2020 ਵਿੱਚ 47.69 ਫ਼ੀ ਸਦੀ ਵੋਟਾਂ ਪੋਲ ਹੋਈਆਂ ਸਨ। ਇਨ੍ਹਾਂ ਚੋਣਾਂ ਵਿੱਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 15 ਸੀਟਾਂ ਜਿੱਤ ਕੇ ਇਤਿਹਾਸ ਸਿਰਜਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਕਦੀ ਵੀ ਇਤਨੀਆਂ ਸੀਟਾਂ ਜਿੱਤੀਆਂ ਨਹੀਂ ਸਨ। 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਭਾਰਤੀਆਂ/ਪੰਜਾਬੀਆਂ/ਸਿੱਖਾਂ ਦੀ ਵਸੋਂ ਸਿਰਫ਼ 3 ਫ਼ੀ ਸਦੀ ਹੈ, ਜਦੋਂ ਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 16 ਫ਼ੀ ਸਦੀ ਸੀਟਾਂ ਜਿੱਤ ਕੇ ਵੱਡਾ ਮਾਅਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੇਟਿਕ ਪਾਰਟੀ ਦਾ ਪ੍ਰਧਾਨ ਹੈ। 37 ਪੰਜਾਬੀਆਂ/ਸਿੱਖਾਂ ਨੇ ਐਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ, ਜਿਨ੍ਹਾਂ ਵਿੱਚੋਂ 15 ਨੇ ਆਪੋ ਆਪਣੀਆਂ ਸੀਟਾਂ ’ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿੱਚ ਐਨ.ਡੀ.ਪੀ. ਦੇ 11 ਅਤੇ ਕੰਜ਼ਰਵੇਟਿਵ ਪਾਰਟੀ ਦੇ 4 ਉਮੀਦਵਾਰ ਚੋਣ ਜਿੱਤੇ ਹਨ। ਇਨ੍ਹਾਂ ਜਿੱਤਣ ਵਾਲੇ 15 ਵਿਧਾਨਕਾਰਾਂ ਵਿੱਚ 7 ਮਰਦ ਅਤੇ 8 ਇਸਤਰੀਆਂ ਹਨ। 2020 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 9 ਪੰਜਾਬੀ/ਸਿਖ ਉਮੀਦਵਾਰ ਜਿੱਤ ਸਕੇ ਸਨ। ਐਨ.ਡੀ.ਪੀ.ਨੂੰ 44.60 ਫ਼ੀ ਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੂੰ 43.57 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ। ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀ ਸਦੀ ਘੱਟ ਵੋਟਾਂ ਪੋਲ ਹੋਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। 2 ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ, ਉਨ੍ਹਾਂ ਨੂੰ 8.19 ਫ਼ੀ ਸਦੀ ਵੋਟਾਂ ਪੋਲ ਹੋਈਆਂ ਹਨ। 2020 ਵਿੱਚ ਐਨ.ਡੀ.ਪੀ.ਨੇ 47 ਫ਼ੀ ਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀ ਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ। ਗਰੀਨ ਪਾਰਟੀ ਨੇ ਪਹਿਲਾਂ ਵੀ 2 ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ 2 ਹੀ ਜਿੱਤੀਆਂ ਹਨ ਤੇ ਵੋਟਾਂ ਦੀ ਪ੍ਰਤੀਸ਼ਤਤਾ ਵੀ ਦੋਵੇਂ ਵਾਰ ਬਰਾਬਰ ਹੈ। ਕੰਜ਼ਰਵੇਟਿਵ ਪਾਰਟੀ ਨੂੰ 16 ਸੀਟਾਂ ਦਾ ਲਾਭ ਹੋਇਆ ਹੈ ਤੇ ਐਨ.ਡੀ.ਪੀ.ਨੂੰ 10 ਸੀਟਾਂ ਦਾ ਨੁਕਸਾਨ ਹੋਇਆ ਹੈ। ਪਹਿਲੀ ਵਾਰ ਪੰਜਾਬੀਆਂ/ਸਿੱਖਾਂ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਤੇ ਉਹ ਵੱਡੀ ਮਾਤਰਾ ਵਿੱਚ ਪ੍ਰਤੀਨਿੱਧਤਾ ਕਰਨ ਜਾ ਰਹੇ ਹਨ। ਪੰਜਾਬੀ ਉਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਅਰਥਾਤ ਪ੍ਰੀਮੀਅਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ/ਸਿੱਖ ਪਹਿਲਾਂ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੰਤਰੀ ਰਹੇ ਹਨ। ਵਿਧਾਨ ਸਭਾ ਦੀ ਚੋਣ ਜਿੱਤੇ ਉਮੀਦਵਾਰਾਂ ਵਿੱਚ ਐਨ.ਡੀ.ਪੀ.ਦੇ ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮ ਪਲ ਬਰਨਬੀ ਨਿਊਵੈਸਟ ਹਲਕੇ ਤੋਂ ਰਾਜ ਚੌਹਾਨ ਨੇ ਦਿੱਲੀ ਦੇ ਜੰਮਪਲ ਤੇ ਕੰਜ਼ਰਵੇਟਿਵ ਪਾਰਟੀ ਦੇ ਦੀਪਕ ਸੂਰੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਓਣ ਦੇ ਸਰੀ ਫਲੀਟਵੁੱਡ ਹਲਕੇ ਤੋਂ ਜਗਰੂਪ ਸਿੰਘ ਬਰਾੜ ਨੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕਾ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਜਲੰਧਰ ਦੇ ਪਿੰਡ ਸੁੰਨੜ ਕਲਾਂ ਦੀ ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਬਟਾਲਾ ਨਜ਼ਦੀਕ ਪਿੰਡ ਸ਼ੇਖ਼ੂਪੁਰ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਵਾਲ ਦੇ ਰਵਿੰਦਰ ਸਿੰਘ ਰਵੀ ਕਾਹਲੋਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜ ਵੈਔਲੀ ਨੂੰ ਹਰਾ ਕੇ ਚੋਣ ਜਿੱਤ ਗਏ ਹਨ। ਐਨ.ਡੀ.ਪੀ. ਪਾਰਟੀ ਦੇ ਲੁਧਿਆਣਾ ਨਾਲ ਸਬੰਧਤ ਅਟਾਰਨੀ ਜਨਰਲ ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼, ਜਗਰਾਉਂ ਦੀ ਧੀ ਉੱਘੀ ਸਮਾਜ ਸੇਵਿਕਾ ਸੁਨੀਤਾ ਧੀਰ ਵੈਨਕੂਵਰ ਲੰਗਾਰਾ, ਮਾਹਿਲਪੁਰ ਦੇ ਨੇੜਲੇ ਪਿੰਡ ਜੰਗਲੀਆਣਾ ਦੇ ਰਵੀ ਪਰਮਾਰ ਲੌਂਗਫੀਲਡ ਹਾਈਲੈਂਡ, ਅੰਮ੍ਰਿਤਸਰ ਦੀ ਰੀਆ ਅਰੋੜਾ ਬਰਨਾਬੀ ਈਸਟ ਵਿਧਾਨ ਸਭਾ ਹਲਕੇ ਤੋਂ ਅਤੇ ਜ਼ੀਰਾ ਨੇੜੇ ਜੌੜਾ ਪਿੰਡ ਦੀ ਧੀ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ਰੀ ਤੋਂ, ਐਨੇ ਕੰਗ ਬਰਨੀ ਸੈਂਟਰ ਤੋਂ, ਅਤੇ ਅਮਨਾ ਸ਼ਾਹ ਸਰੀ ਸਿਟੀ ਸੈਂਟਰ ਤੋਂ ਜਿੱਤ ਗਏ ਹਨ। ਹਰਵਿੰਦਰ ਕੌਰ ਸੰਧੂ ਨਰਸ ਹਨ ਤੇ ਦੂਜੀ ਵਾਰ ਜੇਤੂ ਰਹੇ ਹਨ। ਜੈਸੀ ਸੁੰਨੜ ਹੈਰੀ ਬੈਂਸ ਦੇ ਪਦ ਚਿੰਨ੍ਹਾਂ ’ਤੇ ਚਲਦੀ ਹੋਈ ਜਿੱਤ ਰਹੀ ਹੈ, ਹੈਰੀ ਬੈਂਸ 2005 ਤੱਕ ਵਿਧਾਨਕਾਰ ਤੇ ਲੰਬਾ ਸਮਾਂ ਮੰਤਰੀ ਰਿਹਾ ਹੈ। ਸੁਨੀਤਾ ਧੀਰ 48.2 ਫ਼ੀ ਸਦੀ ਵੋਟਾਂ ਲੈ ਕੇ ਜਿੱਤੀ ਹੈ। ਰਾਜ ਚੌਹਾਨ 2005 ਤੋਂ ਲਗਾਤਾਰ ਜਿੱਤਦਾ ਆ ਰਿਹਾ ਹੈ। ਜਗਰੂਪ ਸਿੰਘ ਬਰਾੜ ਇੱਕ ਐਨ.ਜੀ.ਓ ਸਰੀ ਸੈਲਫ ਇਮਪਲਾਇਮੈਂਟ ਐਂਟਪ੍ਰੀਨਿਊਰ ਸੋਸਾਇਟੀ ਦਾ ਡਾਇਰੈਕਟਰ ਹੈ। ਜਗਰੂਪ ਸਿੰਘ ਬਰਾੜ 7ਵੀਂ ਚੁਣੇ ਗਏ ਹਨ। ਜਗਰੂਪ ਸਿੰਘ ਬਰਾੜ ਰਾਜ ਮੰਤਰੀ ਸਨ ਅਤੇ ਭਾਰਤ ਦੀ ਪੁਰਸ਼ ਬਾਸਕਟਵਾਲ ਟੀਮ ਦੇ ਮੈਂਬਰ ਵੀ ਰਹੇ ਹਨ। ਦਿਓਣ ਪਿੰਡ ਦੇ ਟਿੱਬਿਆਂ ਦਾ ਜੰਮਿਆ ਜਗਰੂਪ ਸਿੰਘ ਬਰਾੜ ਗੁਲਾਬ ਦੇ ਫੁਲ ਦੀ ਤਰ੍ਹਾਂ ਕੈਨੇਡਾ ਦੀ ਸਿਆਸਤ ਨੂੰ ਸੁਗੰਧਤ ਕਰ ਰਿਹਾ ਹੈ। ਰਵੀ ਕਾਹਲੋਂ ਵੀ ਸਾਬਕਾ ਮੰਤਰੀ ਰਿਹਾ ਹੈ। ਮਨਦੀਪ ਸਿੰਘ ਧਾਲੀਵਾਲ ਭਾਰਤ ਵਿੱਚ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ ਤੇ ਉਸਨੇ ਖਾਲਸਾ ਏਡ ਲਈ 1 ਲੱਖ ਡਾਲਰ ਇਕੱਤਰ ਕੀਤੇ ਹਨ। ਰੀਆ ਅਰੋੜਾ ਬੀ.ਸੀ.ਫ਼ੈਡਰੇਸ਼ਨ ਆਫ਼ ਲੇਬਰ ਆਰਗੇਨਾਈਜੇਸ਼ਨ ਦੀ ਡਾਇਰੈਕਟਰ ਰਹੀ ਹੈ। ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸਨ ਅਤੇ 6ਵੀਂ ਵਾਰ ਚੋਣ ਜਿੱਤਿਆ ਹੈ। ਇਸ ਤੋਂ ਇਲਾਵਾ ਉਹ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਰਹੇ ਹਨ। ਉਹ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੇ ਤਿੰਨ ਪੰਜਾਬੀ ਸਿੱਖ ਮੰਤਰੀ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਜਗਰੂਪ ਸਿੰਘ ਬਰਾੜ ਚੋਣ ਜਿੱਤ ਗਏ ਹਨ। ਚੋਣ ਹਾਰਨ ਵਾਲਿਆਂ ਵਿੱਚ ਮੰਤਰੀ ਰਚਨਾਂ ਸਿੰਘ ਸ਼ਾਮਲ ਹਨ। ਚੋਣ ਜਿੱਤਣ ਵਾਲਿਆਂ ਵਿੱਚ ਸਭ ਤੋਂ ਛੋਟੀ ਉਮਰ ਦਾ 30 ਸਾਲ ਦੇ ਰਵੀ ਪਰਮਾਰ ਹੈ, ਜੋ 51 ਫ਼ੀ ਸਦੀ ਵੋਟਾਂ ਲੈ ਕੇ ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਕਬੱਡੀ ਪਲੇਅਰ ਵੀ ਰਿਹਾ ਹੈ। ਹਰਮਨ ਸਿੰਘ ਭੰਗੂ ਫੁੱਟਬਾਲ ਕੋਚ ਰਿਹਾ ਹੈ। ਉਹ ਕਨਸਟਰਕਸ਼ਨ ਦਾ ਠੇਕੇਦਾਰ ਹੈ।

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 277 | Website: www.preetnama.com Email preetnamausa@gmail.com | 07 NOV TO 14 NOV , 2024





# ਪ੍ਰੀਤ ਫੁਲਵਾੜੀ

## ਮੈਂ ਪੰਜਾਬੀ

ਮੈਂ ਪੰਜਾਬੀ ਮਾਂ ਬੋਲੀ,ਬੋਲਣ ਤੇ ਸਤਿਕਾਰ ਦਵਾਵਾਂ।
ਮੈਂ ਤਾਂ ਆਪਣੇ ਵਿਰਸੇ ਦੀ, ਹਰ ਪਲ ਖੈਰ ਮਨਾਵਾਂ।
ਜੰਮਣ ਤੋਂ ਲੈਕੇ ਮਰਨ ਤੱਕ, ਮੈਂ ਆਪਣੇ ਫਰਜ ਨਿਭਾਵਾਂ।
ਮੈਨੂੰ ਭੁੱਲਣ ਵਾਲਿਆਂ ਨੂੰ, ਮੈਂ ਕਦੇ ਨਾ ਭੁਲਾਵਾਂ।
ਉਹ ਪੈਂਤੀ ਅੱਖਰ ਮੇਰੇ ਬੋਲਣ, ਦਿਲ ਦੀਆਂ ਗੰਢਾਂ ਉਹ ਖੋਲ੍ਹਣ।
ਮੈਂ ਵਿਚ ਖੁਸੀ ਦੇ ਦੂਣ ਸਵਾਈ ਅਤੇ ਸਭ ਤੋਂ ਵੱਖਰੀ ਹੋ ਜਾਵਾਂ।
ਤੇਰੇ ਦਾਦੀ ਦਾਦੇ ਪੜਦਾਦੇ ਤੋਂ ਵੀ,ਏਥੇ ਪਹਿਲਾਂ ਦੀ ਹਾਂ ਮੈਂ ।
ਵਾਰਸ ਸਾਹ, ਬੁੱਲੇ ਸਾਹ, ਬਾਬੇ ਨਾਨਕ ਦਾ ਹਾਂ ਮੈਂ ਪਰਛਾਵਾਂ।
ਹੋਰ ਭਾਸਾਵਾਂ ਸਿੱਖਦੇ ਹਾਂ, ਵਿਚ ਪੰਜਾਬੀ ਕੀ ਹਰ ਗੱਲ ਲਿਖਦੇ ਹਾਂ।
ਕਿਉਂ ਜਖਵਾਲੀ ਲਿਖਤਾਂ ਵਿਚ ਮੈਂ ਅੱਖੋਂ ਓਹਲੇ ਹੁੰਦੀ ਜਾਵਾਂ।

**ਗੁਰਪ੍ਰੀਤ ਸਿੰਘ ਜਖਵਾਲੀ**
**ਮੋਬਾਇਲ 98550 36444**

## ਕਵਿਤਾ



ਧਰਤ ਪੰਜਾਬ ਦੀ ਮਾਰ ਚੁੱਕਲ ਪਈ
ਅੱਜ ਕਿਉਂ ਨਾ ਪੰਜਾਬੀ ਨੀਂਦ ਸੁਖਦੀ ਸੋਵੇ
ਅੱਜ ਕਿਉ ਕੱਚੋਂ ਹੋਲੇ ਰਿਸ਼ਤੇ ਹੋਏ।
ਮੈਂ ਵੇਖਿਆ ਧਰਤ ਪੰਜਾਬ ਦੀ ਮਾਰ ਬੁੱਕਲ ਪਈ ਹੋਵੇ -2
ਗੈਗਸਟਰਾਂ ਦੀਆਂ ਗੋਲੀਆਂ।
ਨੇਤਾਵਾਂ ਦੀਆਂ ਮੌਤਾਂ ਹੌਲੀਆਂ ਨੇ।
ਹਰ ਘਰ ਦੀਆਂ ਖੁਸ਼ੀਆਂ ਖੋਹੋ ਲਈਆ ਨੇ।
ਹਿੱਕ ਪੰਜਾਬ ਦੀ ਤੇ ਪਿਆ ਖੂਨ ਰਿਸ਼ਤਿਆਂ ਦਾ ਚੋਵੇ
ਮੈਂ ਵੇਖਿਆ ਧਰਤ ਪੰਜਾਬ ਦੀ ਸਾਰ ਬੁੱਕਲ ਪਈ ਰੋਵੇ -2
ਲੀਡਰ, ਭਰਿਸ਼ਠ ਅਫਸਰਾਂ ਗੰਦ ਬੜਾ ਹੀ ਪਾਇਆ ਏ।
ਅੱਜ ਹਰ ਬੰਦਾ ਪਿਆ ਸਤਾਇਆ ਏ ।
ਪੜੇ ਲਿਖਿਆ ਨੇ ਵਿਦੇਸ਼ੀ ਚਾਲੇ ਪਾ ਲਏ ਨੇਂ।
ਰਹਿ ਗਏ ਟਿੱਕਰਾਂ, ਨਸ਼ਿਆ, ਬੇਰੁਜਗਾਰੀ ਖਾ ਲਏ ਨੇਂ।
ਕੋਣ ਇਸਦੇ ਖਿਲ੍ਹਰੇ ਮੋਤੀ ਫੇਰ ਤੋਂ ਪਰੋਵੇ ।
ਮੈਂ ਵੇਖਿਆ ਧਰਤ ਪੰਜਾਬ ਦੀ ਮਾਰ ਬੁੱਕਲ ਪਈ ਹੋਵੇ-2
ਕੁਝ ਮਰਜ਼ੀ ਨਾਲ ਕੁਝ ਜਬਰੀ ਇੱਜਤਾਂ ਗਵਾ ਰਹੀਆ ਨੇਂ।
ਕੁਝ ਦਾਗ ਖਾਨਦਾਨੀਆਂ ਨੂੰ ਲਾ ਰਹੀਆਂ ਨੇਂ।
ਕੁਝ ਬਾਬਿਆਂ ਦੀ ਟੋਲੀਆਂ ਜਨਤਾ ਨੂੰ ਭਟਕਾ ਰਹੀਆਂ ਨੇ ।
ਰਾਜਿੰਦਰ ਰਾਠੌਰ ਕਹੇ ਅੱਜ ਆਵੇ ਕੋਈ ਸੂਰਮਾਂ ਗੰਦਗੀ ਨੂੰ ਧੋਵੇ
ਮੈਂ ਵੇਖਿਆ ਧਰਤ ਪੰਜਾਬ ਦੀ ਮਾਰ ਬੁੱਕਲ ਪਈ ਰੋਵੇ -2

**ਰਜਿੰਦਰ ਕੌਰ ਰਾਠੌਰ**

## .ਗ਼ਜ਼ਲ

ਮਹਿਲਾਂ ਨਾਲੋਂ ਵੀਂ ਚੰਗੀ ਹੈ ਅਪਣੀਂ ਚਾਰ ਦਿਵਾਰੀ।
ਲੂਣੀਂ ਮਿੱਸੀ ਰੋਟੀ ਦੇ ਨਾਲ ਛੋਟੀ ਜਿਹੀ ਇਕ ਯਾਰੀ।
ਪੈਸੇ ਦੇ ਨਾਲ, ਆਕੜ ਦੇ ਨਾਲ, ਸ਼ੁਹਰਤ ਨਾਲ ਨਈਂ ਮਿਲਦੀ,
ਭੈਣ ਭਰਾਵਾਂ, ਰਿਸ਼ਤੇਦਾਰਾਂ, ਯਾਰਾਂ ਨਾਲ ਸਰਦਾਰੀ।
ਇਤਿਹਾਸ ਗਵਾਹ ਹੈ ਮੱਧ ਵਰਗ 'ਚੋਂ ਉਠਦੀ ਇੱਕ ਕਰਾਂਤੀ,
ਅਕਸਰ ਸੁੱਕੇ ਹੋਏ ਘਾਹ 'ਚੋਂ ਉਠਦੀ ਹੈ ਚਿੰਗਾਰੀ।
ਸੂਰਜ ਵਰਗੀ ਲੋਅ ਦਿੰਦੀ ਹੈ ਘਰ ਦੇ ਵਿਹੜੇ ਅੰਦਰ,
ਸਵਰਗ ਦੀ ਅਸਲੀ ਪਰਿਭਾਸ਼ਾ ਹੈ ਬੱਚੇ ਦੀ ਕਿਲਕਾਰੀ।
ਜੇ ਕਰਤੂਤ ਨਹੀਂ ਹੈ ਚੰਗੀ ਸਭ ਕੁਝ ਮਿੱਟੀ ਵਰਗਾ,
ਸੂਰਤ ਸੀਰਤ ਬੇਸ਼ਕ ਹੋਵੇ ਪਿਆਰੀ ਤੋਂ ਵੀਂ ਪਿਆਰੀ।
ਰੰਗਾਂ ਦੀ ਤਰਤੀਬ ਅਤੇ ਤਰਕੀਬ 'ਚੋਂ ਧੋਖਾ ਦੇਵੇ,
ਨੀਅਤ ਮਾੜੀ ਦੇ ਵਿਚ ਆਕੇ ਜੇ ਚਾਹਵੇ ਲੱਲਾਰੀ।
ਬਾਅਦ 'ਚ ਉਸ ਦੀ ਸਾਰੀ ਹਸਤੀ ਪਾਣੀ-ਪਾਣੀ ਕੀਤੀ,
ਤੜਕ ਸਵੇਰੇ ਨੇ ਤਾਂ ਪਹਿਲਾਂ ਸ਼ਬਨਮ ਖ਼ੂਬ ਸ਼ਿੰਗਾਰੀ।
ਗੰਦਾ ਬੰਦਾ ਜਦ ਵੀ ਬੋਲੇ ਇੱਕ ਖਿਲਾਰਾ ਪਾਵੇ,
ਚਾਰ-ਚੁਫੇਰੇ ਨੇਰ੍ਹੀ ਨੇ ਹੈ ਜਿੱਦਾਂ ਰੇਤ ਖਿਲਾਰੀ।
ਇੱਕ ਥਕੇਵਾਂ ਲਹਿ ਕੇ ਸਾਰਾ ਗਲ੍ਹਵਕੜੀ ਵਿਚ ਆਇਆ,
ਥੱਕੇ ਹਾਰੇ ਦਾਦੇ ਦੀ ਜਦ ਪੋਤੇ ਪੱਗ ਉਤਾਰੀ,
ਮੂੰਹ ਵਿਚ ਜੀਭਾਂ ਪਾ ਕੇ ਰੱਖੀਏ ਨਿਭਦੀ ਰਿਸ਼ਤੇਦਾਰੀ,
ਮੋਹ ਨਾ ਜਾਣਨ, ਤੇਹ ਨਾ ਜਾਣਨ ਮੰਡੀ ਵਿਚ ਵਿਉਪਾਰੀ।
ਸਰਲ ਅਤੇ ਸਾਧਾਰਣਤਾ ਦੀ ਪਧਰੀ ਧਰਤੀ ਉਤੇ,
ਬਾਲਮ ਤੇਰੀਆਂ ਗ਼ਜ਼ਲਾਂ ਅੰਦਰ ਬਿੰਬਾਂ ਦੀ ਸਰਦਾਰੀ।

**ਬਲਵਿੰਦਰ ਬਾਲਮ ਗੁਰਦਾਸਪੁਰ**
**ਉਂਕਾਰ ਨਗਰ ਗੁਰਦਾਸਪੁਰ ਪੰਜਾਬ**
**ਮੋ. 98156-25409**

## .ਗ਼ਜ਼ਲ

ਪੇਟ ਭਰਨ ਲਈ ਕਰਦੇ ਕੈਸੇ ਧੰਦੇ ਕਈ।
ਰੋਟੀ ਤੋਂ ਮੁਹਤਾਜ ਨੇ ਏਥੇ ਬੰਦੇ ਕਈ।
ਸਾਰੇ ਲੋਕੀਂ ਦੁੱਧ ਦੇ ਧੋਤੇ ਸਾਫ਼ ਨਹੀਂ,
ਚੋਰੀ, ਡਾਕੇ ਦੇ ਕੰਮ ਕਰਦੇ ਮੰਦੇ ਕਈ।
ਵੇਖਣ ਚਾਖਣ ਨੂੰ ਉਂਜ ਚੰਗੇ ਲੱਗਦੇ ਨੇ,
ਸਾੜਾ, ਨਫ਼ਰਤ, ਸਾਜ਼ਿਸ਼ ਵਾਲੇ ਗੰਦੇ ਕਈ।
ਆਸਤੀਨ ਦੇ ਸੱਪ ਨੇ ਫਿਰਦੇ ਥਾਂ ਥਾਂ ਤੇ,
ਦੋਹੀਂ ਪਾਸੀਂ ਤਿੱਖੇ ਰੱਖਦੇ ਦੰਦੇ ਕਈ।
ਰਿਸ਼ਵਤਖੋਰ ਤੇ ਨੇਤਾ ਮੌਜਾਂ ਕਰਦੇ ਨੇ,
ਨਵ ਸੰਗੀਤ ਜਿਹੇ ਲਟਕੇ ਨੇ ਫੰਦੇ ਕਈ।

**ਪ੍ਰੋ. ਨਵ ਸੰਗੀਤ ਸਿੰਘ**
**9417692015**

## ਰੌਸ਼ਨੀਆਂ ਦਾ ਤਿਓਹਾਰ

ਦੀਵਾਲੀ ਆਈ ਦੀਵਾਲੀ ਆਈ,
ਖ਼ੁਸ਼ੀਆਂ ਖੇੜੇ ਨਾਲ ਲਿਆਈ।
ਰੌਸ਼ਨੀਆਂ ਦਾ ਇਹ ਤਿਉਹਾਰ,
ਰੌਣਕ ਲੱਗਦੀ ਸ਼ਹਿਰ ਬਜ਼ਾਰ।
ਸਭ ਨੇ ਸੋਹਣੇ ਕੱਪੜੇ ਪਾਉਂਦੇ,
ਸਜੀਆਂ ਦੁਕਾਨਾਂ ਵੇਖਣ ਆਉਂਦੇ।
ਲੜੀਆਂ ਨੇ ਜੱਗ ਮੱਗ ਕਰਦੀਆਂ,
ਚਾਨਣ ਨਾਲ ਚੁਫ਼ੇਰਾ ਭਰਦੀਆਂ।
ਮੰਜਿਆਂ ਦੇ ਉੱਤੇ ਰੱਖੇ ਪਟਾਕੇ,
ਵੱਡੇ ਛੋਟੇ ਸਭ ਖ਼ਰੀਦਣ ਆ ਕੇ।
ਕਿਧਰੇ ਫੁੱਲ ਝੜੀਆਂ ਤੇ ਅਨਾਰ,
ਕਿੰਨੇ ਸੋਹਣੇ ਬਣਾ ਟੰਗੇ ਹਾਰ।
ਰੰਗ ਬਰੰਗੀਆਂ ਨੇ ਮਠਿਆਈਆਂ,
ਮੇਜ਼ਾਂ ਤੇ ਕਿਵੇਂ ਰੱਖ ਸਜਾਈਆਂ।
ਸੁਵਾਣੀਆ ਵੀ ਘਰ ਖ਼ੂਬ ਸ਼ਿੰਗਾਰੇ,
ਸਭਨਾਂ ਦੇ ਤਾਂਈ ਲੱਗਦੇ ਪਿਆਰੇ।
ਦੀਵਿਆਂ ਵਿੱਚ ਤੇਲ ਅਸੀਂ ਪਾ ਕੇ,
ਰੱਖੇ ਬਨੇਰੇ ਤੇ ਕਤਾਰ ਬਣਾਕੇ।
ਇੱਕ ਪਾਸੇ ਮਸ਼ਾਲ ਜਗਾਈ,
ਉਸ ਨੇ ਰੌਸ਼ਨੀ ਹੋਰ ਵਧਾਈ।
ਮਠਿਆਈ ਖਾਂਧੀ ਤੇ ਪਟਾਕੇ ਚਲਾਏ,
ਪੱਤੋ, ਨੂੰ ਖ਼ੂਬ ਨਜ਼ਾਰੇ ਆਏ।

**ਹਰਪ੍ਰੀਤ ਪੱਤੋ**
**ਪਿੰਡ- ਪੱਤੋ ਹੀਰਾ ਸਿੰਘ ਮੋਗਾ**
**9465821417**

## ਦਿਵਾਲੀ ਮਨਾਈਏ

ਵੰਡ ਕੇ ਖੁਸੀਆ ਹਾਸੇ ਕਮਾਈਏ
ਨਫਰਤ ਵਾਲੇ ਰਾਹ ਭੁੱਲ ਜਾਈਏ
ਸਾਝਾ ਵਾਲੇ ਦੀਵੇ ਜਗਾ ਕੇ
ਆਓ ਰਲ ਮਿਲ ਦਿਵਾਲੀ ਮਨਾਈਏ
ਇਹ ਨਹੀਂ ਚੰਗਾ, ਉਹ ਹੈ ਮਾੜਾ
ਕੱਢ ਦੇ ਦਿਲ ਚੋਂ ਸਾਰਾ ਸਾੜਾ
ਸ਼ਿਕਵੇ ਭੁਲਾ ਕੇ ਗਲੇ ਲਗਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਗੁਰਬਤ ਵਿਚ ਜੋ ਖੁਸ਼ੀ ਮਨਾਉਂਦੇ
ਰੱਬ ਦੀ ਰਜਾ ਚ ਢੋਲ ਵਜਾਉਂਦੇ
ਦੇਖ ਫਕੀਰੀ ਦੁੱਖ ਭੁੱਲ ਜਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਕੱਚੇ ਘਰ ਬੇਬੇ ਲਿੱਪ ਕੇ ਸਜਾਉਂਦੀ
ਘੁਗੀਆਂ ਮੋਰ ਨਾਲੇ ਫੁੱਲ ਬਣਾਉਂਦੀ
ਇਹ ਖੁਸ਼ੀਆਂ ਤੋਂ ਵਾਰੇ ਜਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਸ਼ੁੱਧ ਖਾ ਲਈਏ ਘਰ ਦਾ ਬਣਿਆ
ਥੋੜਾ ਬਹੁਤ ਗਵਾਂਢ ਦੇ ਆਈਏ
ਮਿਲਾਵਟੀ ਮਠਿਆਈ ਤੋ ਸਰੀਰ ਬਚਾਈਏ
ਆਓ ਰਲ ਮਿਲ ਦਿਵਾਲੀ ਮਨਾਈਏ
ਬੰਬ ਪਟਾਕੇ ਹੈ ਪਲ ਦੀ ਰੋਣਕ
ਪਸ਼ੂ ਪੰਛੀ ਡਰਦੇ ਹਰਿਆਲੀ ਮਰ ਜਾਵੇ
ਧਾਲੀਵਾਲ ਬੁਰੀ ਸ਼ੈਅ ਤੋਂ ਦੂਰੀ ਬਣਾਈਏ
ਆਓ ਰਲ ਮਿਲ ਦਿਵਾਲੀ ਮਨਾਈਏ

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**78374 90309**
**Adv.dhaliwal@gmail.com**

## ਬਿਹਰਾ ਦਾ ਜਾਮ

ਬੜੀ ਕੋਸ਼ਿਸ਼ ਕੀਤੀ ਸੀ ਨਾ ਲਿਖਾਂ ਦਰਦਾਂ ਨੂੰ
ਪਰ ਲਿਖਣੋਂ ਰਹਿ ਨਾ ਸਕਿਆ
ਇਕ ਟੁੱਟਿਆ ਸੀ, ਸੁਪਨਾ ਵਾਰ ਵਾਰ ਗੰਢਿਆਂ
ਪਰ ਗੰਢ ਹੋ ਨਾ ਸਕਿਆ।
ਕੀ ਲਿਖਾਂ ਹੁਣ ਜਜਬਾਤਾਂ ਨੂੰ ਲਿਖ ਭੇਜਿਆ ਸੀ
ਖਤ, ਉਹ ਮਹਿਰਮ ਪੜ੍ਹ ਨਾ ਸਕਿਆ।
ਸਮਾਂ, ਸੂਰਤ ਨਾ ਕਿਸੇ ਦੇ ਵੱਸ ਰਹਿੰਦੇ, ਕੋਸਿ ?ਸ ਤਾਂ
ਕੀਤੀ ਪਰ ਸਮੇਂ ਨਾਲ ਭੱਜ ਹੋ ਨਾ ਸਕਿਆ।
ਲੱਗਿਆ ਕਿਉਂ ਬਿਹਰਾ ਦਾ ਜਾਮ ਪੀਣ, ਜੀ
ਪੀੜ੍ਹਾਂ ਦਾ
ਸੰਤਾਪ ਭੋਗਦੀ ਹੈ, ਪਰ ਪਿਛਾਂ ਮੁੜ ਨਾ ਸਕਿਆ।

**ਹਰਮਨਵੀਰ ਸਿੰਘ ਬਰਾੜ**
**9780834464**

## ਮਿੰਨੀ ਕਹਾਣੀ ਨੇਕ ਸਲਾਹ

ਇਕ ਬਹੁਤ ਹੀ ਮਸ਼ਹੂਰ ਗੀਤਕਾਰ ਨੇ ਚੋਟੀ ਦੇ ਗਾਇਕ ਨੂੰ ਫੋਨ ਕੀਤਾ...ਕਹਿੰਦਾ ਬੇਟੇ ਦਾ ਵਿਆਹ ਆ ਗਿਆ ਹੈ, ਤੇਰੇ ਨਾਲ ਸਲਾਹ ਕਰਨੀ ਹੈ। ਤੈਨੂੰ ਤਾ ਪਤਾ ਹੀ ਹੈ ਮੇਰੇ ਲਿਖੇ ਗੀਤ ਬਹੁਤ ਗਾਇਕਾਂ ਨੇ ਗਾਏ ਹਨ। ਵਿਆਹ ਤੇ ਸਾਰੇ ਗਾਇਕ ਬੁਲਾਏ ਤਾ ਇਕ ਗਾਇਕ ਨਾਲ ਘੱਟ ਤੋਂ ਘੱਟ ਪੰਜ ਬੰਦੇ ਤਾ ਆਉਣਗੇ ਹੀ, ਤੂੰ ਬੜਾ ਸਿਆਣਾ ਤੇ ਸੂਝਵਾਨ ਗਾਇਕ ਹੈ ਤੇ ਮੈਨੂੰ ਇਸ ਚੱਕਰਵਿਊ ਚੋਂ ਕੱਢ...

ਮੈਂ ਕਿਹਾ ਗੱਲ ਹੀ ਕੋਈ ਨਹੀਂ, ਜਿਸ ਗਾਇਕ ਨੂੰ ਤੁਸੀਂ ਬੇਟੇ ਦੇ ਵਿਆਹ ਤੇ ਬੁਲਾਉਣਾ ਨਹੀਂ ਚਾਹੁੰਦੇ , ਉਸ ਗਾਇਕ ਨੂੰ ਵਿਆਹ ਦਾ ਕਾਰਡ ਵੱਟਸੱਪ ਕਰ ਦੇਵੋ। ਮੇਰੀ ਦਿੱਤੀ ਸਲਾਹ ਉਸ ਨੂੰ ਬਹੁਤ ਹੀ ਵਧੀਆ ਲੱਗੀ ਤੇ ਮੇਰਾ ਧੰਨਵਾਦ ਕਰਕੇ ਉਸ ਨੇ ਫੋਨ ਕੱਟ ਦਿੱਤਾ।

ਕੁਝ ਦਿਨਾਂ ਬਾਅਦ ਫੋਨ ਦੇਖ ਕੇ ਮੇਰੀਆਂ ਅੱਖਾਂ ਅੱਡੀਆ ਹੀ ਰਹਿ ਗਈਆ, ਕਿਉਂਕਿ ਉਸ ਗੀਤਕਾਰ ਨੇ ਮੈਨੂੰ ਵਿਆਹ ਦਾ ਕਾਰਡ ਵੱਟਸੱਪ ਕਰ ਦਿੱਤਾ ਸੀ।

**ਸੁਖਵਿੰਦਰ ਸਿੰਘ ਹੈਪੀ**

## ਅਰਦਾਸ

ਪ੍ਰੋ. ਨਵ ਸੰਗੀਤ ਸਿੰਘ

ਸੁਣੋ ਪ੍ਰਭੂ ਮੇਰੀ ਅਰਦਾਸ।
ਅਰਜ਼ ਕਰਾਂ ਮੈਂ ਖ਼ਾਸਮ-ਖ਼ਾਸ।
ਨੇਕ ਚੰਗਾ ਇਨਸਾਨ ਬਣਾਂ ਮੈਂ
ਪੂਰੀ ਕਰਨਾ ਮੇਰੀ ਆਸ।
ਰਹਿਣ ਬਲਾਵਾਂ ਦੂਰ ਹਮੇਸ਼ਾ
ਖ਼ੁਸ਼ੀ-ਖੇੜੇ ਦਾ ਹੋਵੇ ਵਾਸ।
ਕਦੇ ਕਿਸੇ ਨੂੰ ਤੋਟ ਨਾ ਆਵੇ
ਸਭ ਦੇ ਕਾਰਜ ਹੋਵਣ ਰਾਸ।
ਜ਼ਿੰਦਗੀ ਦੇ ਵਿੱਚ ਚਾਨਣ ਆਵੇ
ਅੰਧਕਾਰ ਦਾ ਹੋਵੇ ਨਾਸ।
ਕਰਜ਼ੇ ਦੇ ਵਿੱਚ ਡੁੱਬੇ ਨਾ ਕੋਈ
ਨਾ ਖਾਵੇ ਕੋਈ ਸਲਫ਼ਾਸ।
ਪੜ੍ਹ-ਲਿਖ ਉੱਚੀ ਮੰਜ਼ਿਲ ਪਾਵਾਂ
ਪੂਰਾ ਹੈ ਮੈਨੂੰ ਵਿਸ਼ਵਾਸ।
ਅਭਿਮਾਨੀ ਨਾ ਕਦੇ ਬਣਾਉਣਾ
ਨਾ ਹੀ ਬਣਾਂ ਕਿਸੇ ਦ ?ਾ ਦਾਸ।
ਨਿਮਰ ਹੋਵਾਂ, ਹਮਦਰਦੀ ਰੱਖਾਂ
ਬਖ਼ਸ਼ੋ ਮੈਨੂੰ ਇਹ ਗੁਣਤਾਸ।
ਵਾਹਿਗੁਰੂ ਜੀ ! ਕਦੇ ਨਾ ਡੋਲਾਂ
ਹਰ ਥਾਂ ਤੇ ਦੇਣਾ ਧਰਵਾਸ।

navsangeetsingh6957@gmail.com
# 9417692015.

## ਸ੍ਰੇਸ਼ਟ ਜੂਨ ਇਨਸਾਨ ਦੀ

ਜੂਨਾਂ ਵਿੱਚੋਂ ਸ੍ਰੇਸ਼ਟ ਜੂਨ ਇਨਸਾਨ ਦੀ,
ਮੰਨੀ ਗਈ ਹੈ ਵਿੱਚ ਸੰਸਾਰ ਯਾਰੋ।
ਉਹਨਾਂ ਸਮਾਜਿਕ ਕੁਰੀਤੀਆਂ ਨੂੰ ਜਨਮ ਦਿੱਤਾ,
ਜੋ ਇਸ ਜੂਨ @ਚ ਸੀ ਲੋਕ @ਮਕਾਰ@ ਯਾਰੋ।
ਇਹਨਾਂ ਹਰ ਮਾੜਾ ਢੰਗ ਵੀ ਵਰਤਿਆ,
ਆਪ ਬਣਨ ਲਈ ਸਰਦਾਰ ਯਾਰੋ।
ਇਹ ਕਰਨ ਐਨੀਆਂ ਮਾੜੀਆਂ ਹਰਕਤਾਂ,
ਜੋ ਕਰਦੀਆਂ ਨੇ ਸ਼ਰਮਸਾਰ ਯਾਰੋ।
ਹੱਦ ਬੰਨੇ ਸਾਰੇ ਲੰਘ ਇਹਨਾਂ,
ਅਨੇਕਾਂ ਮਾਸੂਮ ਬਣਾਏ ਸ਼ਿਕਾਰ ਯਾਰੋ।
ਇਹਨਾਂ ਨੇ ਕਲੰਕਿਤ ਕੀਤੇ ਰਿਸ਼ਤੇ,
ਇਜ਼ਤਾਂ ਕੀਤੀਆਂ ਤਾਰ ਤਾਰ ਯਾਰੋ।
@ਮੇਜਰ@ ਮਾੜੇ ਲੋਕਾਂ ਨੂੰ ਰਹਿਣ ਭੰਡਦੇ,
ਸਦਾ ਚੰਗੇ ਲੋਕ ਸ਼ਰੇ ਬਾਜ਼ਾਰ ਯਾਰੋ।

**ਮੇਜਰ ਸਿੰਘ ਬੁਢਲਾਡਾ**
**94176 42327**

## (ਬਾਪੂ ਦੀ ਨਕਲ)

ਰੀਸ ਕਰਦਾ ਹਾਂ ਮੈਂ ਬਾਪੂ ਦੀ
ਨਾ ਪੈਂਦਾ ਬਾਹਲੇ ਧਰਮਾਂ ਵਿੱਚ
ਰਿਵਾਜ ਤੇ ਵਹਿਮਾਂ ਭਰਮਾਂ ਵਿੱਚ
ਉਹਦੇ ਕੱਪੜੇ ਮੇਚ ਕਰਵਾ ਲਏ ਸੀ
ਲੁੱਕ ਮੇਰੀ ਲੱਗੇ ਉਹਦੇ ਜਿਹੀ
ਮੈਂ ਦਾੜ੍ਹੀ ਦੇ ਵਾਲ ਵਧਾ ਲਏ ਸੀ
ਵਾਹ-ਵਾਹ ਕੰਘੀ ਮੈਂ ਵਾਲਾਂ ਵਿੱਚ
ਸੈਟਿੰਗ ਕਰ ਪਿੱਛੇ ਨੂੰ ਕਰਵਾ ਲਏ ਸੀ
ਪੰਡ ਚੱਕਲਾਂ ਭਾਰੀ ਉਹਦੇ ਜਿਹੀ
ਨਾੜ ਕਈ ਵਾਰ ਚੜ੍ਹਾ ਲਏ ਸੀ
ਯਾਦਾਂ ਆਉਂਦੀਆਂ ਜਿਵੇਂ ਝੱਖੜ ਜਿਹੇ
ਲਿਖ ਲੈਂਦਾ ਟੁੱਟੇ ਫੁੱਟੇ ਅੱਖਰ ਜਿਹੇ
ਨਾ ਲਿਖਿਆ ਚੁੰਨੀਆਂ ਸਲਵਾਰਾਂ ਤੇ
ਚਾਰ ਕ ਅੱਖਰ ਉਹਦੇ ਵਿਚਾਰਾਂ ਤੇ
ਵਾਂਗ ਸਵਾਟਰ ਕੋਟੀਆਂ ਬੁਣ ਲਏ ਨੇ
ਹਾਂ ਬੋਲ ਮੈਂ ਉਹਦੇ ਚੁਣ ਲਏ ਨੇ

**ਚੇਤਨ ਬਿਰਧਨੋ**
**09417558971.**

## ਪਿਆਰੀ ਮੰਮੀ

ਬੱਸ ਮੇਰੇ ਸਕੂਲ ਦੀ, ਰੋਜ ਸਵੇਰੇ
ਆਉਂਦੀ ਹੈ,
ਮੰਮੀ ਮੈਨੂੰ ਤਿਆਰ ਕਰ, ਉਸ ਦੇ
ਵਿੱਚ ਚੜ੍ਹਾਉਂਦੀ ਹੈ।
ਚੀਜੀ ਖਾ ਲਈ ਆਹ ਲ਼ੈ ਬੇਟਾ,
ਪੈਸੇ ਜੇਬੀ ਪਾਉਂਦੀ ਹੈ।
ਮੋਢਿਆਂ ਦੇ ਵਿੱਚ ਬੈਗ ਪਾ ਕੇ
ਟਿਫਨ ਹੱਥ ਫੜਾਉਂਦੀ ਹੈ।
ਛੁੱਟੀ ਵੇਲੇ ਬਾਰ ਚ@ ਖੜ੍ਹ ਕੇ, ਉਡੀਕ
@ਚ ਸਮਾਂ ਬਿਤਾਉਂਦੀ ਹੈ,
ਜਦ ਸਕੂਲੋਂ ਘਰ ਆ ਜਾਵਾਂ, ਵਰਦੀ
ਮੇਰੀ ਲਾਹਉਦੀ ਹੈ।
ਮੈਨੂੰ ਬਹੁਤ ਪਿਆਰ ਹੈ ਕਰਦੀ,
ਬੁੱਕਲ ਵਿੱਚ ਸਵਾਉਂਦੀ ਹੈ।
ਪੱਤੋ, ਨੂੰ ਮੰਮੀ ਬਹੁਤ ਪਿਆਰੀ,
ਨਾਲੇ ਬਾਤ ਸੁਣਾਉਂਦੀ ਹੈ।

**ਹਰਪ੍ਰੀਤ ਪੱਤੋ**
**ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ**
**94658-21417**

# Preetnama

Khara Sach

ਪ੍ਰੀਤਨਾਮਾ

ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 277

Website: www.preetnama.com Email preetnamausa@gmail.com

07 NOV TO 14 NOV , 2024


